Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 231 28/01/2026 www.samajweekly.com samajweekly @samajweekly samajweekly

# ਸੁਪਰੀਮ ਕੋਰਟ ਵਿਚ ਜੀਓਸਟਾਰ ਦੀ ਪਟੀਸ਼ਨ ਖ਼ਾਰਜ

**ਨਵੀਂ ਦਿੱਲੀ।** ਸੁਪੀਮ ਕੋਰਟ ਨੇ ਮੰਗਲਵਾਰ ਨੂੰ ਰਿਲਾਇੰਸ ਇੰਡਸਟਰੀਜ਼ ਦੀ ਮਲਕੀਅਤ ਵਾਲੇ ਸਟਰੀਮਿੰਗ ਪਲੇਟਫਾਰਮ ਜਿਓਸਟਾਰ ਵਲੋਂ ਕੇਰਲ ਕੇਬਲ ਟੈਲੀਵਿਜ਼ਨ ਬਾਜ਼ਾਰ ’ਚ ਅਪਣੀ ਦਬਦਬੇ ਵਾਲੀ ਸਥਿਤੀ ਦੀ ਦੁਰਵਰਤੋਂ ਦੇ ਦੋਸ਼ਾਂ ਦੀ ਭਾਰਤੀ ਪ੍ਰਤੀਯੋਗਿਤਾ ਕਮਿਸ਼ਨ ਦੀ ਜਾਂਚ ਨੂੰ ਰੋਕਣ ਦੀ ਮੰਗ ਕੀਤੀ ਗਈ, ਪਟੀਸ਼ਨ ਉਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿਤਾ ਹੈ।

ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਕਿਹਾ ਕਿ ਮਾਮਲਾ ਸ਼ੁਰੂਆਤੀ ਪੜਾਅ ਉਤੇ ਹੈ ਅਤੇ ਮਾਰਕੀਟ ਰੈਗੂਲੇਟਰ ਨੂੰ ਅਪਣੀ ਜਾਂਚ ਜਾਰੀ ਰੱਖਣ ਦੀ ਇਜਾਜ਼ਤ ਦਿਤੀ ਜਾ ਸਕਦੀ ਹੈ। ਬੈਂਚ ਨੇ ਜੀਓਸਟਾਰ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਕਿਹਾ, ‘‘ਮਾਫ ਕਰਨਾ। ਰੈਗੂਲੇਟਰ ਨੂੰ ਜਾਂਚ ਕਰਨ ਦਿਓ। ਇਹ ਸਿਰਫ ਸ਼ੁਰੂਆਤੀ ਪੜਾਅ ਉਤੇ ਹੈ।’’




ਰੋਹਾਗਤੀ ਨੇ ਕਿਹਾ ਕਿ ਜਿਓਸਟਾਰ ਵੀ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ (ਟਰਾਈ) ਐਕਟ, 1997 ਦੇ ਤਹਿਤ ਪਾਬੰਦ ਹੈ, ਜੋ ਨਿਰਧਾਰਤ ਕਰਦਾ ਹੈ ਕਿ ਉਹ ਕਿੰਨਾ ਚਾਰਜ ਕਰ ਸਕਦਾ ਹੈ ਜਾਂ ਛੋਟ ਦੇ ਸਕਦਾ ਹੈ। ਉਨ੍ਹਾਂ ਕਿਹਾ, ‘‘ਸਵਾਲ ਇਹ ਹੈ ਕਿ ਕੀ ਤੁਸੀਂ ਸੈਕਟਰਲ ਰੈਗੂਲੇਟਰ ਵਲੋਂ ਕਵਰ ਕੀਤੇ ਗਏ ਮਾਮਲੇ ਦੇ ਸੰਬੰਧ ਵਿਚ ਜਾਂਚ ਕਰ ਸਕਦੇ ਹੋ। ਮੇਰੇ ਹੱਕ ’ਚ ਬੰਬਈ ਹਾਈ ਕੋਰਟ ਦਾ ਫੈਸਲਾ ਹੈ।’’ ਪਰ ਜਸਟਿਸ ਪਾਰਦੀਵਾਲਾ ਨੇ ਰੋਹਤਗੀ ਨੂੰ ਕਿਹਾ ਕਿ ਇਸ ਮੁੱਦੇ ਉਤੇ ਗੌਰ ਕਰਨ ਦੀ ਲੋੜ ਹੈ।

## ਆਸਟਰੇਲੀਆ ਵਿਚ ਰਿਕਾਰਡ ਤੋੜ ਗਰਮੀ, ਤਾਪਮਾਨ 50 ਡਿਗਰੀ ਸੈਲਸੀਅਸ

**ਵੈਲਿੰਗਟਨ।** ਭਿਆਨਕ ਗਰਮੀ ਨਾਲ ਜੂਝ ਰਹੇ ਆਸਟਰੇਲੀਆ ਦੇ ਕੁਝ ਹਿਸਿਆਂ ਵਿਚ ਬੀਤੇ ਤਾਪਮਾਨ ਲਗਭਗ 50 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ। ਵਿਕਟੋਰੀਆ ਰਾਜ ਦੇ ਪੇਂਡੂ ਕਸਬਿਆਂ ਹੋਪੇਟੂਨ ਅਤੇ ਵਾਲਪੌਪ ਵਿਚ ਸ਼ੁਰੂ ਵਿਚ ਵੱਧ ਤੋਂ ਵੱਧ ਤਾਪਮਾਨ 48.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਜੇਕਰ ਰਾਤ ਭਰ ਵਿਚ ਇਸ ਦੀ ਪੁਸ਼ਟੀ ਹੋ ਜਾਂਦੀ ਹੈ, ਤਾਂ ਇਹ 2009 ਵਿਚ ਸਥਾਪਤ ਰਿਕਾਰਡ ਨੂੰ ਤੋੜ ਦੇਵੇਗਾ।

ਮੰਗਲਵਾਰ ਦੀ ਤੇਜ਼ ਗਰਮੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਵਿਕਟੋਰੀਆ ਦੇ ਅਧਿਕਾਰੀਆਂ ਨੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਕਿਉਂਕਿ ਜੰਗਲੀ ਅੱਗ ਬੇਕਾਬੂ ਹੋ ਕੇ ਫੈਲ ਰਹੀ ਹੈ। ਰਾਜ ਦੇ ਸਭ ਤੋਂ ਵੱਡੇ ਸ਼ਹਿਰ ਮੈਲਬੌਰਨ ਵਿਚ ਵੀ ਗੰਭੀਰ ਗਰਮੀ ਦਾ ਦੌਰ ਸ਼ੁਰੂ ਹੋ ਗਿਆ। ਸ਼ਾਇਦ ਤੇਜ਼ ਗਰਮੀ



ਦਾ ਸਭ ਤੋਂ ਗੰਭੀਰ ਪ੍ਰਭਾਵ ਮੈਲਬੌਰਨ ਪਾਰਕ ਵਿਚ ਮਹਿਸੂਸ ਕੀਤਾ ਗਿਆ, ਜਿੱਥੇ ਵਧਦੇ ਤਾਪਮਾਨ ਕਾਰਨ ਆਸਟਰੇਲੀਅਨ ਓਪਨ ਟੈਨਿਸ ਟੂਰਨਾਮੈਂਟ ਦੇ ਬਾਹਰ ਆਮ ਭੀੜ ਕਾਫ਼ੀ ਘੱਟ ਗਈ ਸੀ। ਬੁਧਵਾਰ ਨੂੰ ਤਾਪਮਾਨ ਵਿਚ ਗਿਰਾਵਟ ਆਉਣ ਦੀ ਉਮੀਦ ਹੈ, ਹਾਲਾਂਕਿ ਗਰਮੀ ਦੀ ਲਹਿਰ ਹਫ਼ਤੇ ਦੇ ਅੰਤ ਤਕ ਜਾਰੀ ਰਹਿਣ ਦੀ ਉਮੀਦ ਹੈ। ਆਸਟਰੇਲੀਆ ਵਿਚ ਹੁਣ ਤਕ ਦੀ ਸਭ ਤੋਂ ਭਿਆਨਕ ਗਰਮੀ ਵਿਚਾਲੇ ਇਸੇ ਮਹੀਨੇ ਦੀ ਸ਼ੁਰੂਆਤ ਵਿਚ ਲੂ ਚੱਲੀ ਸੀ।


## ਦੇਸ਼ ਦੇ ਅੱਠ ਲੱਖ ਬੈਂਕ ਕਰਮਚਾਰੀ ਸੜਕਾਂ ’ਤੇ ਆਏ




**ਚੰਡੀਗੜ੍ਹ।** ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨਜ਼ (ਯੂ ਐੱਫ ਬੀ ਯੂ) ਦੀ ਦੇਸ਼ਿਵਆਪੀ ਹੜਤਾਲ ਦੇ ਸੱਦੇ ਤਹਿਤ ਅੱਜ ਚੌਥੇ ਦਿਨ ਪੂਰੇ ਦੇਸ਼ ਦੇ ਜਨਤਕ ਖੇਤਰ ਦੇ ਬੈਂਕਾਂ ਦਾ ਕੰਮ-ਕਾਜ ਠੱਪ ਰਿਹਾ। ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਨੌਂ ਐਸੋਸੀਏਸ਼ਨ ਦੀ ਸਾਂਝੀ ਫੈਡਰੇਸ਼ਨ ਯੂ ਐੱਫ ਬੀ ਯੂ ਵੱਲੋਂ ਹੜਤਾਲ ਦਾ ਸੱਦਾ 23 ਜਨਵਰੀ ਨੂੰ ਮੁੱਖ ਕਿਰਤ ਕਮਿਸ਼ਨਰ ਨਾਲ ਮੀਟਿੰਗ ਬੇਸਿੱਟਾ ਰਹਿਣ ਮਗਰੋਂ ਦਿੱਤਾ ਗਿਆ ਸੀ। ਬੈਂਕ ਕਰਮਚਾਰੀ ਹਫ਼ਤੇ ਵਿੱਚ ਪੰਜ ਦਿਨ ਕੰਮ ਦੀ ਮੰਗ ਕਰ ਰਹੇ ਸਨ। ਇਸ ਤੋਂ ਇਲਾਵਾ ਕਈ ਪੁਰਾਣੀਆਂ ਮੰਗਾਂ ਵੀ ਹਨ। ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨਜ਼ ਦੇ ਸੱਦੇ ’ਤੇ ਦੇਸ਼ ਭਰ ਵਿੱਚ ਅੱਠ ਲੱਖ ਤੋਂ ਵੱਧ ਬੈਂਕ ਮੁਲਾਜ਼ਮਾਂ ਨੇ ਵੱਖ-ਵੱਖ ਥਾਵਾਂ ’ਤੇ ਰੋਸ ਮੁਜ਼ਾਹਰੇ ਕੀਤੇ ਅਤੇ ਕੇਂਦਰ ਸਰਕਾਰ ਦੀਆਂ ਮੁਲ-ਾਜ਼ਮ ਵਿਰੋਧੀ ਨੀਤੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉੱਧਰ, ਬੈਂਕ ਮੁਲਾਜ਼ਮਾਂ ਦੀ ਹੜਤਾਲ ਕਰਕੇ ਅੱਜ ਲਗਾਤਾਰ ਚੌਥੇ ਦਿਨ ਬੈਂਕਿੰਗ ਖੇਤਰ ਦਾ ਕੰਮ ਪੂਰੀ ਤਰ੍ਹਾਂ ਬੰਦ ਰਿਹਾ, ਜਿਸ ਕਰਕੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹ-ਮਣਾ ਕਪਨਾ ਪਿਆ। ਇਸ ਤੋਂ ਪਹਿਲਾਂ 24, 25 ਅਤੇ 26 ਜਨਵਰੀ (ਗਣਤੰਤਰ ਦਿਵਸ) ਦੀ ਸਰਕਾਰੀ ਛੁੱਟੀ ਕਰਕੇ ਬੈਂਕ ਬੰਦ ਰਹੇ ਸਨ।

## ਬਠਿੰਡਾ ਦੇ ਪਿੰਡ ਭੈਣੀ ਚੂਹੜ ਸਿੰਘ ’ਚ ਪਤੰਗ ਉਡਾਣ ’ਤੇ ਪਾਬੰਦੀ

**ਬਠਿੰਡਾ।** ਪਾਬੰਦੀਸ਼ੁਦਾ ਚੀਨੀ ਡੋਰ ਦੀ ਵਰਤੋਂ ਤੋਂ ਫ਼ਿਕਰਮੰਦ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਦੇ ਭੈਣੀ ਚੂਹੜ ਪਿੰਡ ਦੀ ਪੰਚਾਇਤ ਨੇ ਪਿੰਡ ਵਿੱਚ ਪਤੰਗ ਉਡਾਉਣ ਅਤੇ ਪਤੰਗਾਂ ਦੀ ਵਿਕਰੀ ’ਤੇ ਪਾਬੰਦੀ ਲਗਾਉਣ ਦਾ ਮਤਾ ਪਾਸ ਕੀਤਾ ਹੈ। ਇਹ ਸੂਬੇ ਦੀ ਪਹਿਲੀ ਪਿੰਡ ਪੰਚਾਇਤ ਹੈ, ਜੋ ਅਜਿਹਾ ਕਦਮ ਚੁੱਕ ਰਹੀ ਹੈ। ਪਿਛਲੇ ਦਿਨੀਂ ਲੁਧਿਆਣਾ ਜ਼ਿਲ੍ਹੇ ਵਿੱਚ ਇੱਕ 15 ਸਾਲਾ ਲੜਕੇ ਅਤੇ ਇੱਕ ਔਰਤ ਦੀ ਚੀਨੀ ਪਤੰਗ ਦੀ ਡੋਰ ਕਾਰਨ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਸੂਬੇ ਭਰ ਵਿੱਚ ਕਈ ਹੋਰ ਲੋਕਾਂ ਨੂੰ ਚੀਨੀ ਡੋਰ ਦੇ ਸੰਪਰਕ ਵਿੱਚ ਆਉਣ ਕਾਰਨ ਸੱਟਾਂ ਲੱਗੀਆਂ ਹਨ। ਕਈਆਂ ਦੇ ਟਾਂਕੇ ਵੀ ਲੱਗੇ ਹਨ। ਇਸ ਤੋਂ ਇਲਾਵਾ ਇੱਥੋਂ ਦੇ ਢਪਾਲੀ ਪਿੰਡ ਦਾ 13 ਸਾਲਾ ਲੜਕਾ ਦਰੱਖਤ ਤੋਂ ਪਤੰਗ ਕੱਢਣ ਦੀ ਕੋਸ਼ਿਸ਼ ਕਰਦੇ ਹੋਇਆ ਜਾਨ ਗੁਆ ਬੈਠਾ ਸੀ। ਸੋਮਵਾਰ ਨੂੰ ਭੈਣੀ ਚੂਹੜ ਪਿੰਡ ਦੇ ਵੱਡੀ ਗਿਣਤੀ ਲੋਕ, ਜਿਨ੍ਹਾਂ ਵਿੱਚ ਪੰਚਾਇਤ ਮੈਂਬਰ ਤੇ ਪਿੰਡ ਦਾ ਨੰਬਰਦਾਰ ਸ਼ਾਮਲ ਸਨ,



ਸਰਪੰਚ ਦੇ ਘਰ ਇਕੱਠੇ ਹੋਏ। ਇਸ ਬੈਠਕ ਦੌਰਾਨ ਉਪਰੋਕਤ ਮਤਾ ਪਾਸ ਕੀਤਾ ਗਿਆ। ਪਿੰਡ ਦੀ ਆਬਾਦੀ ਕਰੀਬ 2,500 ਹੈ। ਪਿੰਡ ਦੇ ਬਜ਼ੁਰਗ ਸਰਪੰਚ ਮਿੱਠਾ ਸਿੰਘ ਨੇ ਟ੍ਰਿਬਿਊਨ ਨਾਲ ਗੱਲ ਕਰਦਿਆਂ ਪਤੰਗਾਂ ਦੀ ਵਿਕਰੀ ਅਤੇ ਉਡਾਣ ’ਤੇ ਪਾਬੰਦੀ ਲਗਾਉਣ ਸਬੰਧੀ ਮਤੇ ਦੀ ਪੁਸ਼ਟੀ ਕੀਤੀ ਹੈ। ਬਜ਼ੁਰਗ ਨੇ ਕਿਹਾ, ‘‘ਅਸੀਂ ਸਾਰਿਆਂ ਨੇ ਚੀਨੀ ਡੋਰ ਅਤੇ ਪਤੰਗ ਉਡਾਉਣ ਨਾਲ ਸਬੰਧਤ ਘਾਤਕ ਘਟਨਾਵਾਂ ਬਾਰੇ ਸੁਣਿਆ ਹੈ। ਇਸ ਲਈ ਚੌਕਸੀ ਵਜੋਂ ਇਹ ਕਦਮ ਚੁੱਕਿਆ ਗਿਆ ਹੈ। ਜੇਕਰ ਕੋਈ ਪਾਬੰਦੀ ਦੀ ਉਲੰਘਣਾ ਕਰਦਾ ਹੈ, ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।’’

# UGC ਦੇ ਨਵੇਂ ਨਿਯਮਾਂ ’ਚ ਜਾਤੀ ਵਿਤਕਰੇ ਦੀ ਪਰਿਭਾਸ਼ਾ ਨੂੰ ਲੈ ਕੇ ਛਿੜਿਆ ਵਿਵਾਦ

**ਨਵੀਂ ਦਿੱਲੀ।** ਸੁਪਰੀਮ ਕੋਰਟ ’ਚ ਹਾਲ ਹੀ ’ਚ ਨੋਟੀਫਾਈਡ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਨਿਯਮਾਂ ਨੂੰ ਚੁਨੌਤੀ ਦਿਤੀ ਗਈ ਹੈ, ਜਿਸ ’ਚ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਜਾਤੀ ਆਧਾਰਤ ਵਿਤਕਰੇ ਦੀ ਗੈਰ-ਸਮਾਵੇਸ਼ੀ ਪਰਿਭਾਸ਼ਾ ਨੂੰ ਅਪਣਾਇਆ ਹੈ ਅਤੇ ਕੁੱਝ ਸ਼੍ਰੇਣੀਆਂ ਨੂੰ ਸੰਸਥਾਗਤ ਸੁਰੱਖਿਆ ਤੋਂ ਬਾਹਰ ਰੱਖਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਹਾਲ ਹੀ ਵਿਚ ਨੋਟੀਫਾਈ ਕੀਤੇ ਗਏ ਯੂ.ਜੀ.ਸੀ. (ਉੱਚ ਸਿੱਖਿਆ ਸੰਸਥਾਵਾਂ ਵਿਚ ਇਕੁਇਟੀ ਨੂੰ ਉਤਸ਼ਾਹਤ ਕਰਨਾ) ਨਿਯਮ, 2026 ਦਾ ਨਿਯਮ 3 (ਸੀ) ‘ਗੈਰ-ਸਮਾਵੇਸ਼ੀ’ ਹੈ ਅਤੇ ਉਨ੍ਹਾਂ ਵਿਦਿਆਰਥੀਆਂ ਅਤੇ ਫੈਕਲਟੀ ਦੀ ਰੱਖਿਆ ਕਰਨ ਵਿਚ ਅਸਫਲ ਰਹਿੰਦਾ ਹੈ ਜੋ ਰਾਖਵੇਂ ਸ਼੍ਰੇਣੀਆਂ ਨਾਲ ਸਬੰਧਤ ਨਹੀਂ ਹਨ। ਵਿਨੀਤ ਜਿੰਦਲ ਵਲੋਂ ਦਾਇਰ ਪਟੀਸ਼ਨ ’ਚ ਇਸ ਆਧਾਰ ਉਤੇ ਨਿਯਮ ਵਿਰੁਧ ਨਿਸ਼ਾਨਾ ਵਿੰਨ੍ਹਿਆ ਗਿਆ ਹੈ ਕਿ ਜਾਤੀ ਆਧਾਰਤ ਵਿਤਕਰੇ ਨੂੰ ਸਿਰਫ਼ ਅਨੁਸੂਚਿਤ ਜਾਤੀਆਂ (ਐੱਸ.ਸੀ.), ਅਨੁਸੂਚਿਤ ਕਬੀਲਿਆਂ (ਐੱਸ.ਟੀ.) ਅਤੇ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦੇ ਮੈਂਬਰਾਂ ਨਾਲ ਵਿਤਕਰੇ ਵਜੋਂ ਹੀ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜਾਤ ਆਧਾਰਤ ਵਿਤਕਰੇ ਦੇ ਘੇਰੇ ਨੂੰ ਸਿਰਫ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਓ.ਬੀ.ਸੀ. ਸ਼੍ਰੇਣੀਆਂ ਤਕ ਸੀਮਤ ਕਰ ਕੇ, ਯੂ.ਜੀ.ਸੀ. ਨੇ ‘ਜਨਰਲ’



ਜਾਂ ਗੈਰ-ਰਾਖਵੀਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਸੰਸਥਾਗਤ ਸੁਰੱਖਿਆ ਅਤੇ ਸ਼ਿਕਾਇਤ ਨਿਵਾਰਣ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਇਨਕਾਰ ਕਰ ਦਿਤਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਜਾਤ ਦੇ ਅਧਾਰ ਉਤੇ ਪ੍ਰੇਸ਼ਾਨੀ ਜਾਂ ਪੱਖਪਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਅਪਣੇ ਮੌਜੂਦਾ ‘ਬਾਹਰ ਕੱਢਣ ਵਾਲੇ ਰੂਪ ਵਿਚ’ ਵਿਵਸਥਾ ਸੁਰੱਖਿਆ ਦੀ ਇਕ ਸ਼੍ਰੇਣੀ ਬਣਾਉਂਦੀ ਹੈ ਜੋ ਗੈਰ-ਸੰਵਿਧਾਨਕ ਹੈ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਇਹ ਨਿਯਮ ਧਾਰਾ 14 (ਬਰਾਬਰੀ ਦੇ ਅਧਿਕਾਰ) ਅਤੇ 15 (1) (ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਥਾਨ ਦੇ ਆਧਾਰ ਉਤੇ ਰਾਜ ਵਲੋਂ ਵਿਤਕਰੇ ਦੀ ਮਨਾਹੀ) ਦੇ ਤਹਿਤ ਦਿਤੇ ਗਏ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਇਹ ਨਿਯਮ ਸੰਵਿਧਾਨ ਦੀ ਧਾਰਾ 21 (ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ, ਜਿਸ ਵਿਚ ਸਨਮਾਨ ਨਾਲ ਰਹਿਣ ਦਾ ਅਧਿਕਾਰ ਸ਼ਾਮਲ ਹੈ) ਦੀ ਉਲੰਘਣਾ ਕਰਦਾ ਹੈ।

## ਪਟਿਆਲਾ ਦੇ ਸਨੌਰ ਇਲਾਕੇ ’ਚ ਹੋਈ ਤੇਜ਼ ਗੜ੍ਹੇਮਾਰੀ

**ਸਨੌਰ ।** ਪਟਿਆਲਾ ਜ਼ਿਲ੍ਹੇ ਆਉਂਦੇ ਸਨੌਰ ਅਤੇ ਨੇੜਲੇ ਇਲਾਕਿਆਂ ਵਿਚ ਅੱਜ ਅਚਾਨਕ ਮੌਸਮ ਦਾ ਮਿਜਾਜ਼ ਬਦਲਿਆ ਅਤੇ ਤੇਜ਼ ਮੀਂਹ ਦੇ ਨਾਲ ਤੇਜ਼ ਗੜੇਮਾਰੀ ਹੋਈ । ਇਸ ਤੋਂ ਪਹਿਲਾਂ ਅਸਮਾਨ ਵਿਚ ਕਾਲੇ ਬੱਦਲ ਛਾ ਗਏ ਅਤੇ ਥੋੜ੍ਹੀ ਦੇਰ ਬਾਅਦ ਮੀਂਹ ਦੇ ਨਾਲ ਗੜੇ ਪੈਣੇ ਸ਼ੁਰੂ ਹੋ ਗਏ ਅਤੇ ਇਹ ਗੜੇਮਾਰੀ ਲਗਭਗ 10 ਮਿੰਟ ਤੱਕ ਹੋਈ। ਗੜੇ ਕਾਫ਼ੀ ਵੱਡੇ ਆਕਾਰ ਦੇ ਸਨ, ਜਿਸ ਕਾਰਨ ਸੜਕਾਂ, ਖੁੱਲ੍ਹੀਆਂ ਥਾਵਾਂ ਅਤੇ ਘਰਾਂ ਦੀਆਂ ਛੱਤਾਂ ’ਤੇ ਗੜਿਆਂ ਦੀ ਪਰਤ ਜਮ ਗਈ। ਮੌਸਮ ਵਿਭਾਗ ਵੱਲੋਂ ਲੋਕਾਂ ਨੂੰ ਆਪਣੀ ਸੁਰੱਖਿਆ ਲਈ ਘਰਾਂ ਅੰਦਰ ਰਹਿਣ ਨੂੰ ਤਰਜੀਹ ਦਿੱਤੀ। ਕਈ ਥਾਵਾਂ ’ਤੇ ਮੀਂਹ ਦਾ ਪਾਣੀ ਇਕੱਠਾ ਹੋਣ ਨਾਲ ਹੇਠਲੇ ਇਲਾਕਿਆਂ ਵਿਚ ਜਲਭਰਾਵ ਦੀ ਸਥਿਤੀ ਬਣ ਗਈ। ਗੜੇਮਾਰੀ ਦੇ ਨਾਲ ਠੰਡੀ ਹਵਾ ਵੀ ਚੱਲੀ, ਜਿਸ ਨਾਲ ਮੌਸਮ ਵਿਚ ਅਚਾਨਕ ਠੰਡਕ ਮਹਿਸੂਸ ਕੀਤੀ ਗਈ। ਗੜ੍ਹੇਮਾਰੀ ਰੁਕਣ ਤੋਂ ਬਾਅਦ ਮੌਸਮ ਹੌਲੀ-ਹੌਲੀ ਸਾਫ਼ ਹੋ ਗਿਆ, ਪਰ ਹਰ ਥਾਂ ’ਤੇ ਪਾਣੀ ਭਰ ਗਿਆ।




## ਨਸ਼ੇ ਦੀ ਦਲਦਲ ਨੇ ਨਿਗਲਿਆ ਘਰ ਦਾ ਚਿਰਾਗ: ਫਤਿਹਗੜ੍ਹ ਚੂੜੀਆਂ 'ਚ 18 ਸਾਲਾਂ ਨੌਜਵਾਨ ਦੀ ਮੌਤ, ਮਾਂ-ਭੈਣ ਦਾ ਰੋ-ਰੋ ਬੁਰਾ ਹਾਲ



**ਚੰਡੀਗੜ੍ਹ ।** ਪੰਜਾਬ ਵਿੱਚ ਨਸ਼ੇ ਦਾ ਕਹਿਰ ਲਗਾਤਾਰ ਜਾਰੀ ਹੈ। ਤਾਜ਼ਾ ਮਾਮਲਾ ਗੁਰਦਾਸਪੁਰ ਦੇ ਫਤਿਹਗੜ੍ਹ ਚੂੜੀਆਂ ਤੋਂ ਸਾਹਮਣੇ ਆਇਆ ਹੈ, ਜਿਥੇ ਵਾਰਡ ਨੰਬਰ 2 ਸਥਿਤ ਕ੍ਰਿਸ਼ਚਨ ਮੁਹੱਲੇ ਦੇ ਇੱਕ 18 ਸਾਲਾ ਨੌਜਵਾਨ ਵਿਸ਼ਾਲ ਮਸੀਹ ਦੀ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਮੌਤ ਹੋ ਗਈ। ਇਸ ਮੌਤ ਨੇ ਪੂਰੇ ਇਲ-ਾਕੇ ਵਿੱਚ ਸੋਗ ਦੀ ਲਹਿਰ ਦੌੜਾ ਦਿੱਤੀ ਹੈ ਅਤੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮ੍ਰਿਤਕ ਦੇ ਪਿਤਾ ਮਨੋਹਰੀ ਮਸੀਹ ਅਤੇ ਮਾਂ ਪੰਮੀ ਨੇ ਭਰੇ ਮਨ ਨਾਲ ਦੱਸਿਆ ਕਿ ਉਨ੍ਹਾਂ ਦੇ ਤਿੰਨ ਪੁੱਤਰ ਸਨ ਅਤੇ ਬਦਕਿਸਮਤੀ ਨਾਲ ਤਿੰਨੇ ਹੀ ਨਸ਼ੇ ਦੀ ਲਪੇਟ ਵਿੱਚ ਆ ਚੁੱਕੇ ਹਨ। ਵਿਸ਼ਾਲ ਦੀ ਹਾਲਤ ਨਸ਼ੇ ਕਾਰਨ ਬਹੁਤ ਵਿਗੜ ਗਈ ਸੀ। ਪਰਿਵਾਰ ਇੰਨਾ ਗ਼ਰੀਬ ਸੀ ਕਿ ਉਸ ਦੇ ਇਲਾਜ ਲਈ ਪੈਸੇ ਤੱਕ ਨਹੀਂ ਸਨ। ਅੰਤ ਵਿੱਚ ਮੁਹੱਲਾ ਵਾਸੀਆਂ ਨੇ ਚੰਦਾ ਇਕੱਠਾ ਕਰਕੇ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ, ਪਰ ਇਲਾਜ ਵਿੱਚ ਹੋਈ ਦੇਰੀ ਕਾਰਨ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਭੈਣ ਰੇਨੂੰ ਅਤੇ ਹੋਰ ਮੁਹੱਲਾ ਵਾਸੀਆਂ ਨੇ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਇਲਾਕੇ ਵਿੱਚ ਨਸ਼ਾ ਤਸਕਰ ਸ਼ਰੇਆਮ ਆਪਣਾ ਜਾਲ ਵਿਛਾ ਰਹੇ ਹਨ। ਪਰਿਵਾਰ ਨੇ ਪੁਲਿਸ ਨੂੰ ਗੁਹਾਰ ਲਗਾਈ ਹੈ ਕਿ ਵੱਡੇ ਤਸਕਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਤਾਂ ਜੋ ਹੋਰ ਮਾਵਾਂ ਦੀਆਂ ਗੋਦਾਂ ਸੁੰਨੀਆਂ ਨਾ ਹੋਣ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਫਤਿਹਗੜ੍ਹ ਚੂੜੀਆਂ ਵਿੱਚ ਤੁਰੰਤ 'ਨਸ਼ਾ ਛੁਡਾਊ ਕੇਂਦਰ' ਖੋਲ੍ਹਿਆ ਜਾਵੇ। ਇਸ ਘਟਨਾ ਸਬੰਧੀ ਜਦੋਂ ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਜੇ ਤੱਕ ਪਰਿਵਾਰ ਵੱਲੋਂ ਉਨ੍ਹਾਂ ਨੂੰ ਕੋਈ ਰਸਮੀ ਸ਼ਿਕਾਇਤ ਜਾਂ ਜਾਣਕਾਰੀ ਨਹੀਂ ਮਿਲੀ ਹੈ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਾ ਤਸਕਰਾਂ ਖ਼ਿਲਾਫ਼ ਮੁਹਿੰਮ ਤੇਜ਼ ਕੀਤੀ ਜਾਵੇਗੀ ਅਤੇ ਨਸ਼ਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

## ਮੱਧ ਪ੍ਰਦੇਸ਼ ਦੀਆਂ ਸੜਕਾਂ ਉੱਤੇ ਲੱਗੇ 50 ਹਜ਼ਾਰ ਜ਼ਹਿਰੀਲੇ ਦਰਖਤ

**ਮੱਧ ਪ੍ਰਦੇਸ਼।** ਚਾਰ ਦਹਾਕੇ ਪਹਿਲਾਂ, ਸਰਕਾਰ ਨੇ ਮੱਧ ਪ੍ਰਦੇਸ਼ ਦੇ ਸ਼ਹਿਰਾਂ ਨੂੰ ਹਰਾ-ਭਰਾ ਬਣਾਉਣ ਲਈ ਕੋਨੋਕ-ਾਰਪਸ ਅਤੇ ਸਤਪਰਨੀ ਦੇ ਰੁੱਖ ਲਗਾਏ ਸਨ। ਹੁਣ, ਸ਼ਹਿਰੀ ਪ੍ਰਸ਼ਾਸਨ ਵਿਭਾਗ ਨੇ ਉਨ੍ਹਾਂ ਨੂੰ ਹਟਾਉਣ ਦਾ ਆਦੇਸ਼ ਜਾਰੀ ਕੀਤਾ ਹੈ। ਅਧਿਐਨਾਂ ਨੇ ਸਾਬਤ ਕੀਤਾ ਹੈ ਕਿ ਇਹ ਰੁੱਖ ਮਨੁੱਖੀ ਸਿਹਤ ਲਈ ਇੱਕ ਵੱਡਾ ਖ਼ਤਰਾ ਹਨ। ਪੰਜ ਰਾਜਾਂ ਨੇ ਇਨ੍ਹਾਂ ਦੀ ਵਰਤੋਂ 'ਤੇ ਪਾਬੰਦੀ ਲਗਾਈ ਹੈ, ਅਤੇ ਸੁਪਰੀਮ ਕੋਰਟ ਨੇ ਵੀ ਚੇਤਾਵਨੀ ਜਾਰੀ ਕੀਤੀ ਹੈ। ਇਸ ਸੰਦਰਭ ਵਿੱਚ, ਸ਼ਹਿਰੀ ਪ੍ਰਸ਼ਾਸਨ ਵਿਭਾਗ ਨੇ 9 ਜਨਵਰੀ ਨੂੰ ਇੱਕ ਸਰਕੂਲਰ ਜਾਰੀ ਕੀਤਾ। ਵਿਭਾਗ ਨੇ ਹੁਕਮ ਵਿੱਚ ਕਿਹਾ ਕਿ ਜੇਕਰ ਕੋਨੋਕਾਰਪਸ ਦੇ ਰੁੱਖ



ਪਹਿਲਾਂ ਹੀ ਕਿਤੇ ਵੀ ਲਗਾਏ ਗਏ ਹਨ, ਤਾਂ ਸਥਾਨਕ ਸੰਸਥਾਵਾਂ ਨੂੰ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਹਟਾ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਮੂਲ ਪ੍ਰਜਾਤੀਆਂ ਨਾਲ ਬਦਲਣਾ ਚਾਹੀਦਾ ਹੈ। ਕੋਨੋਕਾਰਪਸ ਨੂੰ ਸ਼ਹਿਰੀ ਪ੍ਰਸ਼ਾਸਨ ਦੀ ਸ਼੍ਰੇ ਸੂਚੀ ਵਿੱਚੋਂ ਵੀ ਹਟਾਇਆ ਜਾ ਰਿਹਾ ਹੈ, ਤਾਂ ਜੋ ਸਰਕਾਰੀ ਪਾਰਕਾਂ ਅਤੇ ਹੋਰ ਥਾਵਾਂ 'ਤੇ ਇਸ ਦੇ ਲਗਾਉਣ 'ਤੇ ਪਾਬੰਦੀ ਲਗਾਈ ਜਾ ਸਕੇ। ਹੁਣ, ਇਸ ਆਦੇਸ਼ ਤੋਂ ਬਾਅਦ, ਪੂਰੇ ਰਾਜ ਵਿੱਚੋਂ ਲਗਭਗ 50,000 ਕੋਨੋਕਾਰਪਸ ਦੇ ਰੁੱਖ ਹਟਾ ਦਿੱਤੇ ਜਾਣਗੇ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੂੰ ਮਿਲੀ ਵੱਡੀ ਸਫਲਤਾ, ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਮਾਡਿਊਲ ਦਾ ਕੀਤਾ ਪਰਦਾਫਾਸ਼, 1.5 ਕਿਲੋ ਹੈਰੋਇਨ, 2 ਪਿਸਤੌਲਾਂ ਸਮੇਤ 4 ਗ੍ਰਿਫ਼ਤਾਰ




**ਚੰਡੀਗੜ੍ਹ :** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੱਕ ਵੱਡੀ ਸਫਲਤਾ ਪ੍ਰਾਪਤ ਕਰਦਿਆਂ ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਮਾਡਿਊਲ ਦਾ ਪਰਦਾਫਾਸ਼ ਕਰਕੇ, ਇਸ ਦੇ 4 ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ 1.5 ਕਿਲੋ ਹੈਰੋਇਨ, 2 ਆਧੁਨਿਕ ਪਿਸਤੌਲ (ਇੱਕ 9ਮਮ ਅਤੇ ਇੱਕ .30 ਬੋਰ), 34 ਜ਼ਿੰਦਾ 9ਮਮ ਕਾਰਤੂਸ, ਅਤੇ 1.98 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਦੋਸ਼ੀ, ਆਪਣੇ ਵਿਦੇਸ਼ੀ ਹੈਂਡਲਰਾਂ ਨਾਲ ਸਰਗਰਮ ਮਿਲੀਭੁਗਤ ਨਾਲ, ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦੇ ਹੋਏ, ਗੈਰ-ਕਾਨੂੰਨੀ ਹਥਿਆਰਾਂ ਅਤੇ ਹੈਰੋਇਨ ਦੀਆਂ ਖੇਪਾਂ ਪ੍ਰਾਪਤ ਕੀਤੀਆਂ ਜਾਂਦੀਆਂ ਸਨ ਅਤੇ ਬਾਅਦ ਵਿੱਚ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ ਸਪਲਾਈ ਕੀਤੀਆਂ ਜਾਂਦੀਆਂ ਸਨ। ਅੰਮ੍ਰਿਤਸਰ ਦੇ ਸਿਵਲ ਲਾਈਨਜ਼ ਪੁਲਿਸ ਸਟੇਸ਼ਨ ਵਿਖੇ ਇੱਕ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਅਗਲੇ ਅਤੇ ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

## ਮਾਨਸਾ ’ਚ ਭਿਆਨਕ ਸੜਕ ਹਾਦਸਾ, ਤਿੰਨ ਮੌਤਾਂ



**ਮਾਨਸਾ।** ਮਾਨਸਾ ਵਿੱਚ ਇੱਕ ਵੱਡਾ ਸੜਕ ਹਾਦਸਾ ਵਾਪਰ ਗਿਆ। ਹਾਦਸੇ ਵਿੱਚ ਤਿੰਨ ਮੌਤਾਂ ਹੋ ਗਈਆਂ। ਮਾਨਸਾ ਦੇ ਪਿੰਡ ਕੋਟੜਾ ਨੇੜੇ ਦੋ ਵਾਹਨਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ। ਮ੍ਰਿਤਕਾਂ ਵਿੱਚ ਹਰਿਆਣਾ ਦੇ ਰਹਿਣ ਵਾਲੇ ਪਤੀ-ਪਤਨੀ ਅਤੇ ਮਾਨਸਾ ਦੇ ਪਿੰਡ ਖਿਆਲਾ ਦਾ ਇੱਕ ਨੌਜਵਾਨ ਸ਼ਾਮਲ ਹੈ। ਲਾਸ਼ਾਂ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਰਖਵਾਇਆ ਗਿਆ ਹੈ।

# ਕੈਨੇਡਾ 'ਚ ਬਿਮਾਰੀ ਕਾਰਨ ਬਰਨਾਲਾ ਦੇ ਪਿੰਡ ਗੁਰਮ ਦੇ ਇਕਲੌਤੇ ਪੁੱਤਰ ਦੀ ਮੌਤ, ਪੁੱਤਰ ਨੂੰ ਸਿਹਰਾ ਬੰਨ੍ਹ ਕੇ ਮਾਪਿਆਂ ਨੇ ਦਿੱਤੀ ਅੰਤਿਮ ਵਿਦਾਈ



**ਬਰਨਾਲਾ।** ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਨੇ ਇੱਕ ਵਾਰ ਫਿਰ ਸੂਬੇ ਨੂੰ ਗਹਿਰੇ ਸੋਗ ਵਿੱਚ ਡੁੱਬੋ ਦਿੱਤਾ ਹੈ। ਬਰਨਾਲਾ ਜ਼ਿਲ੍ਹੇ ਦੇ ਮਹਿਲ ਕਲਾਂ ਵਿਧਾਨ ਸਭਾ ਹਲਕੇ ਨਾਲ ਸਬੰਧਤ ਪਿੰਡ ਗੁਰਮ ਤੋਂ ਇੱਕ ਦਰਦਨਾਕ ਖ਼ਬਰ ਸਾਹਮਣੇ ਆਈ ਹੈ, ਜਿੱਥੇ 23 ਸਾਲਾ ਨੌਜਵਾਨ ਰਾਜਪ੍ਰੀਤ ਸਿੰਘ ਦੀ ਕੈਨੇਡਾ ਵਿੱਚ ਇਲਾਜ ਦੌਰਾਨ ਬਿਮਾਰੀ ਕਾਰਨ ਮੌਤ ਹੋ ਗਈ। ਰਾਜਪ੍ਰੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ ਸੀ। ਪਰਿਵਾਰਕ ਜਾਣਕਾਰੀ ਮੁਤਾਬਕ, ਰਾਜਪ੍ਰੀਤ ਸਿੰਘ ਕਰੀਬ ਢਾਈ ਸਾਲ ਪਹਿਲਾਂ ਪੜ੍ਹਾਈ ਲਈ ਕੈਨੇਡਾ ਦੇ ਬਰੈਂਪਟਨ ਸ਼ਹਿਰ ਗਿਆ ਸੀ। ਮਾਪਿਆਂ ਨੇ ਆਪਣੇ ਪੁੱਤਰ ਦੇ ਚੰਗੇ ਭਵਿੱਖ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਭਾਰੀ ਕੀਮਤ ਚੁਕਾਈ। ਉਸਦੇ ਪਿਤਾ ਕੁਲਵੰਤ ਸਿੰਘ, ਜੋ ਕਿ ਨਿੱਜੀ ਬੱਸ ਡਰਾਈਵਰ ਹਨ, ਨੇ ਆਪਣੀ ਥੋੜ੍ਹੀ ਜਿਹੀ ਜ਼ਮੀਨ ਗਿਰਵੀ ਰੱਖ ਕੇ ਅਤੇ ਕਰਜ਼ਾ ਚੁੱਕ ਕੇ ਲਗਭਗ 23 ਲੱਖ ਰੁਪਏ ਖਰਚ ਕਰਕੇ ਆਪਣੇ ਇਕਲੌਤੇ ਪੁੱਤਰ ਨੂੰ ਵਿਦੇਸ਼ ਭੇਜਿਆ ਸੀ। ਬੀਤੇ ਦਿਨੀਂ ਰਾਜਪ੍ਰੀਤ ਸਿੰਘ ਦੀ ਤਬੀਅਤ ਅਚਾਨਕ ਖ਼ਰਾਬ ਹੋ ਗਈ ਅਤੇ ਇਲਾਜ ਦੌਰਾਨ 17 ਜਨਵਰੀ ਨੂੰ ਉਸਦੀ ਮੌਤ ਹੋ ਗਈ। ਇਸ ਮੰਦਭਾਗੀ ਘਟਨਾ ਨਾਲ ਪਰਿਵਾਰ ਪੂਰੀ ਤਰ੍ਹਾਂ ਟੁੱਟ ਗਿਆ। ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਪਰਿਵਾਰ ਨੇ ਮ੍ਰਿਤਕ ਦੇਹ ਨੂੰ ਕੈਨੇਡਾ ਤੋਂ ਪੰਜਾਬ ਲਿਆਉਣ ਲਈ ਵੀ ਕਰੀਬ 9 ਲੱਖ 50 ਹਜ਼ਾਰ ਰੁਪਏ ਹੋਰ ਕਰਜ਼ੇ ਵਜੋਂ ਲਏ। ਜਦੋਂ ਰਾਜਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਪਿੰਡ ਪਹੁੰਚੀ ਤਾਂ ਸਾਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ। ਪਰਿਵਾਰ ਨੇ ਭਾਰੀ ਮਨ ਨਾਲ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਆਪਣੇ ਇਕਲੌਤੇ ਪੁੱਤਰ ਦਾ ਅੰਤਿਮ ਸੰਸਕਾਰ ਕੀਤਾ। ਅੰਸੂਆਂ ਵਿੱਚ ਡੁੱਬੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਕੋਲ ਕੇਵਲ ਦੋ ਏਕੜ ਜ਼ਮੀਨ ਹੈ ਅਤੇ ਸਾਰਾ ਕਰਜ਼ਾ ਚੁਕਾਉਣਾ ਹੁਣ ਉਨ੍ਹਾਂ ਲਈ ਅਸੰਭਵ ਜਿਹਾ ਹੋ ਗਿਆ ਹੈ।

ਪਰਿਵਾਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ, ਤਾਂ ਜੋ ਲਏ ਗਏ ਭਾਰੀ ਕਰਜ਼ੇ ਤੋਂ ਕੁਝ ਰਾਹਤ ਮਿਲ ਸਕੇ ਅਤੇ ਉਹ ਆਪਣੇ ਜੀਵਨ ਨੂੰ ਦੁਬਾਰਾ ਸੰਭਾਲ ਸਕਣ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

**ਰਾਏਕੋਟ (ਗੁਰਭਿੰਦਰ ਗੁਰੀ )** ਸ਼੍ਰੀ ਗੁਰੂ ਰਵਿਦਾਸ ਭਗਤ ਜੀ ਦੇ 649 ਵੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਗੁਰੂਦੁਆਰਾ ਭਗਤ ਰਵਿਦਾਸ ਜੀ ਪਿੰਡ ਬੱਸੀਆਂ ਦੀ ਪ੍ਰਬੰਧਕੀ ਕਮੇਟੀ ਵੱਲੋ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਫੁੱਲਾਂ ਨਾਲ ਸਜਾਈ ਗਈ ਪਾਲਕੀ 'ਚ ਸੁਸ਼ੋਭਿਤ ਸਨ। ਨਗਰ ਕੀਰਤਨ ਅੱਗੇ ਗੱਤਕਾ ਪਾਰਟੀਆਂ ਆਪਣੀ ਕਲਾ ਜੌਹਰ ਦਿਖਾ ਰਹੀਆਂ ਸਨ । ਸੰਗਤਾਂ ਦਾ ਵਿਸ਼ਾਲ ਕਾਫਿਲਾ ਗੁਰਬਾਣੀ ਦਾ ਜਾਪ ਕਰਦਾ ਜਾ ਰਿਹਾ ਸੀ ਅਤੇ ਨਗਰ ਕੀਰਤਨ ਦੀ ਸ਼ੋਭਾ ਵਧਾ ਰਿਹਾ ਸੀ।ਨਗਰ ਕੀਰਤਨ ਗੁਰੂਦੁਆਰਾ ਭਗਤ ਰਵਿਦਾਸ ਤੋ ਸ਼ੁਰੂ ਹੋ ਕੇ ਪਿੰਡ ਦੇ ਵੱਖ-ਵੱਖ ਪੜਾਵਾ ਦੀ ਪ੍ਰਕਰਮਾ ਕਰਦਾ ਹੋਇਆ ਦੇਰ ਸ਼ਾਮ ਗੁਰੂਦੁਆਰਾ ਸਾਹਿਬ ਵਾਪਸ ਪਹੁੰਚ ਕੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸੰਗਤਾ ਵੱਲੋ ਨਿੱਘਾ ਸਵਾਗਤ ਕੀਤਾ ਗਿਆ ਅਤੇ ਜਗ੍ਹਾ-ਜਗ੍ਹਾ ਲੰਗਰ ਲਗਾਏ ਗਏ ਸਨ। ਨਗਰ ਕੀਰਤਨ ਦੌਰਾਨ ਪ੍ਰਸਿੱਧ ਕਵੀਸ਼ਰੀ ਜੱਥਾ ਸਰਪੰਚ ਸੁਖਦੇਵ ਸਿੰਘ ਬਰੂਵਾਲਾ ਵੱਲੋ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਗਿਆ ਅਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ੍ਹ ਲੱਗਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਗੁਰੂਦੁਆਰਾ ਕਮੇਟੀ ਪ੍ਰਧਾਨ ਦਰਸ਼ਨ ਸਿੰਘ, ਮਾਸਟਰ ਅਮਨਦੀਪ ਸਿੰਘ ਮੀਤ ਪ੍ਰਧਾਨ, ਅਵਤਾਰ ਸਿੰਘ ਪੱਪੂ ਖਜ਼ਾਨਚੀ, ਸਰਪੰਚ ਸੁਖਵਿੰਦਰ ਸਿੰਘ ਕਲੇਰ, ਦਰਸ਼ਨ ਸਿੰਘ ਯੂਐਸਏ, ਸੂਬੇਦਾਰ ਰਮੇਸ਼ ਸਿੰਘ, ਹੈਪੀ ਬੱਸੀਆਂ,ਡਾ ਰੂਪ ਸਿੰਘ, ਡਾ ਹਰਪ੍ਰੀਤ ਸਿੰਘ,ਗ੍ਰੰਥੀ ਰਾਜਵਿੰਦਰ ਸਿੰਘ, ਚਰਨਜੀਤ ਸਿੰਘ ਸਟੇਜ ਸੈਕਟਰੀ,ਪਿੰਦਰ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



## ਦੇਸ਼ ਦਾ 77ਵਾਂ ਗਣਤੰਤਰ ਦਿਵਸ ਸਥਾਨਕ ਨਗਰ ਕੌਂਸਲ ਦਫਤਰ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ



**ਰਾਏਕੋਟ ਗੁਰਭਿੰਦਰ ਗੁਰੀ** ਦੇਸ਼ ਦਾ 77ਵਾਂ ਗਣਤੰਤਰ ਦਿਵਸ ਸਥਾਨਕ ਨਗਰ ਕੌਂਸਲ ਦਫਤਰ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਨਗਰ ਕੌਂਸਲ ਪ੍ਰਧਾਨ ਸੁਦਰਸ਼ਨ ਕੁਮਾਰ ਜੋਸ਼ੀ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੁਦਰਸ਼ਨ ਕੁਮਾਰ ਜੋਸ਼ੀ ਨੇ ਸਮੂਹ ਨਗਰ ਨਿਵਾਸੀਆਂ ਨੂੰ ਗਣਤੰਤਰ ਦਿਵਸ ਦੀ ਮੁਬ-ਾਰਕਬਾਦ ਦਿੱਤੀ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਇਸ ਮੌਕੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਗਈ। ਸਮਾਗਮ ਦੌਰਾਨ ਪ੍ਰਧਾਨ ਜੋਸ਼ੀ ਵਲੋਂ ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਨਗਰ ਕੌਂਸਲ ਦੇ ਕਈ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਕੌਂਸਲਰ ਕਮਲਜੀਤ ਵਰਮਾਂ, ਕੌਂਸਲਰ ਗੁਰਦਾਸ ਮਾਨ, ਕੌਂਸਲਰ ਇਮਰਾਨ ਖਾਨ, ਕੌਂਸਲਰ ਰਜਿੰਦਰ ਸਿੰਘ ਰਾਜੂ, ਕੌਂਸਲਰ ਜਸਵੀਰ ਕੌਰ, ਕੌਂਸਲਰ ਮਨਜੀਤ ਕੌਰ, ਕੌਂਸਲਰ ਵਿਜੇ ਰਾਣੀ, ਕੌਂਸਲਰ ਬਲਜਿੰਦਰ ਸਿੰਘ ਰਿੰਪਾ, ਸੁਖਵੀਰ ਸਿੰਘ ਰਾਏ, ਕੌਂਸਲਰ ਉਮਾ ਰਾਣੀ, ਵਾਈਸ ਪ੍ਰਧਾਨ ਰਣਜੀਤ ਕੌਰ, ਰਜਿੰਦਰ ਸਿੰਘ ਰਾਜੂ, ਗਿਆਨੀ ਗੁਰਦਿਆਲ ਸਿੰਘ, ਜੋਗਿੰਦਰ ਪਾਲ ਮੱਕੜ, ਸੁਖਪਾਲ ਸਿੰਘ ਕਾਕੂ, ਗੁਰਮੀਤ ਸਿੰਘ ਪੰਮੀ, ਰਸ਼ਪਾਲ ਸਿੰਘ ਗਰੇਵਾਲ, ਚਮਕੌਰ ਸਿੰਘ ਗਿੱਲ, ਰਾਜੇਸ਼ ਕੁਮਾਰ, ਧਰਮਿੰਦਰ ਅਛੂਤ, ਸੁਪਰਡੈਂਟ ਹਰਪ੍ਰੀਤ ਸਿੰਘ, ਸਾਬਕਾ ਈਓ ਸੁਭਾਸ਼ ਜੋਸ਼ੀ ਤੋਂ ਇਲਾਵਾ ਹੋਰ ਵੀ ਪਤਵੰਤੇ ਸੱਜਣ ਹਾਜ਼ਰ ਸਨ।

## ਬਲਦੇਵ ਸਿੰਘ ਦਰੋਣਾਚਾਰੀਆ ਅਤੇ ਪਦਮ ਸ੍ਰੀ ਐਵਾਰਡ ਜਿੱਤਣ ਵਾਲੇ ਲੁਧਿਆਣੇ ਦੇ ਪਹਿਲੇ ਨਾਗਰਿਕ ਬਣੇ

### ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਆਗੂਆਂ ਵੱਲੋਂ ਵਧਾਈ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਰਤੀ ਹਾਕੀ ਟੀਮ ਨੂੰ 50 ਤੋਂ ਵੱਧ ਅੰਤਰਰਾਸ਼ਟਰੀ, ਓਲੰਪੀਅਨ ਅਤੇ ਆਲਮੀ ਪੱਧਰ ਦੇ ਹੋਰ ਨਾਮੀ ਖਿਡਾਰੀ , ਖਿਡਾਰਨਾਂ ਆਪਣੇ ਕੋਚਿੰਗ ਹੁਨਰ ਨਾਲ ਤਿਆਰ ਕਰਨ ਵਾਲੇ ਦਰੋਣਾਚਾਰੀਆ ਐਵਾਰਡੀ ਜੇਤੂ ਕੋਚ ਬਲਦੇਵ ਸਿੰਘ ਜਿਨ੍ਹਾਂ ਨੂੰ ਹਰਿਆਣਾ ਦੇ ਹਾਕੀ ਪਿਤਾਮਾ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਐਵਾਰਡ ਮਿਲਣ ਤੇ ਪੰਜਾਬ ਵਾਸੀਆਂ ਅਤੇ ਪੂਰੇ ਦੇਸ਼ ਵਿੱਚ ਖੁਸ਼ੀ ਦਾ ਆਲਮ ਪਾਇਆ ਗਿਆ ਕਿਉਂਕਿ ਇਹ ਐਵਾਰਡ ਬਲਦੇਵ ਸਿੰਘ ਹੋਰਾਂ ਦੀ ਹਾਕੀ ਖੇਡ ਪ੍ਰਤੀ ਸਮਰਪਿਤ ਭਾਵਨਾ, ਲਗਨ, ਮਿਹਨਤ, ਇਮਾਨਦਾਰੀ, ਹਾਕੀ ਤਪੱਸਿਆ ਅਤੇ ਪ੍ਰਾਪਤੀਆਂ ਨੂੰ ਮਿਲਿਆ ਹੈ। ਅੰਤਰਰਾਸ਼ਟਰੀ ਪੱਧਰ ਤੇ ਹਾਕੀ ਕੋਚਿੰਗ ਵਿੱਚ ਨਾਮਣਾ ਖੱਟਣ ਵਾਲੇ ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਬਲਦੇਵ ਸਿੰਘ ਦੀ ਜ਼ਿੰਦਗੀ , ਪੜ੍ਹਾਈ ਦਾ ਸਫ਼ਰ, ਬਤੌਰ ਹਾਕੀ ਖਿਡਾਰੀ ਦੇ ਕੈਰੀਅਰ ਦੀ ਸ਼ੁਰੂਆਤ ਅਤੇ ਫਿਰ ਕੋਚਿੰਗ ਦੀ ਸ਼ੁਰੂਆਤ ਲੁਧਿਆਣਾ ਜ਼ਿਲ੍ਹੇ ਤੋਂ ਹੋਈ , ਸ਼ੁਰੂਆਤ ਵਿੱਚ ਉਹ ਨਾਮਧਾਰੀ ਹਾਕੀ ਟੀਮ ਦੇ ਕੋਚ ਰਹੇ, ਉਸ ਤੋਂ ਬਾਅਦ ਉਹਨਾਂ ਨੇ ਹਰਿਆਣਾ ਖੇਡ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ, ਸ਼ਾਹਬਾਦ ਮਾਰਕੰਡਾ ਸੈਂਟਰ ਨੂੰ ਕੁੜੀਆਂ ਦੀ ਹਾਕੀ ਦੀ ਰਾਜਧਾਨੀ ਵਜੋਂ ਦੁਨੀਆ 'ਚ ਪ੍ਰਚਲਿਤ ਕੀਤਾ। ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਨੇ ਜਲੰਧਰ ਵਾਲੇ ਸੰਸਾਰਪੁਰ ਨਾਲੋਂ



ਵੀ ਵੱਧ ਅੰਤਰਰਾਸ਼ਟਰੀ ਪੱਧਰ ਦੇ ਹਾਕੀ ਖਿਡਾਰੀ/ ਖਿਡਾਰਨਾਂ ਅਰਜਨਾ ਐਵਾਰਡ, ਸਟੇਟ ਐਵਾਰਡ ਜੇਤੂ ਖਿਡਾਰੀ ਪੈਦਾ ਕੀਤੇ ਹਨ। ਸ੍ਰ: ਬਲਦੇਵ ਸਿੰਘ ਇਸ ਵਕਤ ਲੁਧਿਆਣਾ ਵਿਖੇ ਆਪਣੀ ਜ਼ਿੰਦਗੀ ਦਾ ਨਿਰਬਾਹ ਕਰ ਰਹੇ ਹਨ । ਉਹ ਲੁਧਿਆਣੇ ਦੇ ਪਹਿਲੇ ਅਜਿਹੇ ਨਾਗਰਿਕ ਹਨ ਜਿਨ੍ਹਾਂ ਨੂੰ ਦਰੋਣਾਚਾਰੀਆ ਐਵਾਰਡ ਅਤੇ ਪਦਮ ਸ੍ਰੀ ਐਵਾਰਡ ਦਾ ਸਨਮਾਨ ਮਿਲਿਆ ਹੋਵੇ। ਖੇਡਾਂ ਦੇ ਖੇਤਰ ਵਿੱਚ ਲੁਧਿਆਣਾ ਲਈ ਇਹ ਸਭ ਤੋਂ ਵੱਡਾ ਮਾਣ ਹੈ। ਸ੍ਰ: ਬਲਦੇਵ ਸਿੰਘ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਮੁੱਖ ਸਰਪ੍ਰਸਤ ਵੀ ਹਨ। ਇਹ ਸੰਸਥਾ ਖਿਡਾਰੀਆਂ ਦੀ ਵੱਡੇ ਪੱਧਰ ਤੇ ਨੁਮਾਇੰਦਗੀ ਕਰਦੀ ਹੈ । ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਆਗੂਆਂ ਸ਼੍ਰੀ ਅਸ਼ੋਕ ਪਰਾਸ਼ਰ ਪੱਪੀ ਵਿਧਾਇਕ, ਪ੍ਰਧਾਨ ਅਮਰੀਕ ਸਿੰਘ ਮਿਨਹਾਸ, ਚੇਅਰਮੈਨ ਸੁਖਵਿੰਦਰ ਸਿੰਘ, ਜਨਰਲ ਸਕੱਤਰ ਜਗਰੂਪ ਸਿੰਘ ਜਰਖੜ, ਉਲੰਪੀਅਨ ਹਰਦੀਪ






ਸਿੰਘ ਗਰੇਵਾਲ, ਖ਼ਜ਼ਾਨਚੀ ਰਛਪਾਲ ਸਿੰਘ ਨਾਗੀ, ਕੌਮੀ ਹਾਕੀ ਖਿਡਾਰੀ ਬਲਵੰਤ ਸਿੰਘ ਬੁੱਢੇਵਾਲ, ਹਰਦੀਪ ਸਿੰਘ ਬੀਰਮਪੁਰ, ਦਵਿੰਦਰ ਸਿੰਘ ਘੁੰਮਣ, ਹੁਕਮ ਸਿੰਘ ਹੁੱਕੀ, ਨਵਦੀਪ ਸਿੰਘ ਘੁੰਮਣ, ਪ੍ਰੋਫੈਸਰ ਰਜਿੰਦਰ ਸਿੰਘ ਖਾਲਸਾ ਕਾਲਜ, ਜ਼ਿਲ੍ਹਾ ਖੇਡ ਅਫਸਰ ਕੁਲਦੀਪ ਚੁੱਗ, ਗੁਰਸਤਿੰਦਰ ਸਿੰਘ ਪ੍ਰਗਟ ਕੋਚ ਜਰਖੜ ਹਾਕੀ ਅਕੈਡਮੀ, ਗੁਰਦੀਪ ਸਿੰਘ ਗਰੇਵਾਲ ਜ਼ਿਲ੍ਹਾ ਖੇਡ ਅਫਸਰ ਫਿਰੋਜਪੁਰ, ਕੋਚ ਹਰਮੀਤ ਸਿੰਘ ਜਰਖੜ, ਕੁਲਵਿੰਦਰ ਸਿੰਘ ਰਾਜਨ,ਆਦਿ ਹੋਰ ਆਗੂਆਂ ਨੇ ਸ੍ਰ: ਬਲਦੇਵ ਸਿੰਘ ਨੂੰ ਪਦਮ ਸ੍ਰੀ ਐਵਾਰਡ ਦਾ ਮਾਣ ਮੱਤਾ ਮਾਣ ਮਿਲਣ ਤੇ ਵਧਾਈ ਦਿੱਤੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਚਾਰ ਦਿਨਾਂ ਤੋਂ ਘਰਾਂ ਦੀ ਬਿਜਲੀ ਬੰਦ, ਮਹਿਕਮੇ ਤੇ ਖਜਲ ਖੁਆਰ ਕਰਨ ਦਾ ਦੋਸ਼

### ਸਬੰਧਤ ਜੇ ਈ ਤੇ ਕੀਤੀ ਜਾਵੇ ਕਾਰਵਾਈ – ਪਿੰਡ ਵਾਸੀ

**ਮਹਿਤਪੁਰ (ਪੱਤਰ ਪ੍ਰੇਰਕ)-** ਅਸਮਾਨੀ ਬਿਜਲੀ ਡਿੱਗਣ ਕਾਰਨ ਪਿੰਡ ਜਨਤਾਂ ਨਗਰ ਦਾ ਟ੍ਰਾਂਸਫਾਰਮਰ ਸੜਨ ਕਰਕੇ ਪਿੰਡ ਜਨਤਾ ਨਗਰ ਦੇ ਸੱਤ ਘਰਾਂ ਦੀ ਬਿਜਲੀ ਸਪਲਾਈ ਦਿਨ ਸ਼ਨੀਵਾਰ 24 ਜਨਵਰੀ ਤੋਂ ਬੰਦ ਪਈ ਹੈ। ਮੋਹਤਬਰਾਂ ਅਨੁਸਾਰ ਬਿਜਲੀ ਮਹਿਕਮੇ ਨਾਲ ਬਾਰ-ਬਾਰ ਸੰਪਰਕ ਕਰਨ ਤੇ ਵੀ ਟ੍ਰਾਂਸਫਾਰਮਰ ਨਵਾਂ ਨਹੀਂ ਮਿਲ ਸਕਿਆ। ਇਸ ਬਾਬਤ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਬਲੱਡ ਡੋਨਰਜ਼ ਕਲੱਬ ਮਹਿਤਪੁਰ ਦੇ ਪ੍ਰਧਾਨ ਅਤੇ ਦੁਆਬਾ ਕਿਸਾਨ ਯੂਨੀਅਨ ਦੇ ਸਕੱਤਰ ਗੁਰਨਾਮ ਸਿੰਘ ਮਹਿਸਮਪੁਰੀ ਨੇ ਦੱਸਿਆ ਗਿਆ ਕਿ ਪਿੰਡ ਜਨਤਾਂ ਨਗਰ ਦੇ ਸੱਤ ਘਰਾਂ ਦੀ ਬਿਜਲੀ ਸਪਲਾਈ ਬੀਤੇ ਸ਼ਨੀਵਾਰ 24 ਜਨਵਰੀ ਤੋਂ ਮੁਕੰਮਲ ਬੰਦ ਪਈ ਹੈ ਉਨ੍ਹਾਂ ਕਿਹਾ ਕਿ ਅਸਮਾਨੀ ਬਿਜਲੀ ਕਾਰਨ ਟ੍ਰਾਂਸਫਾਰਮਰ ਸੜ ਗਿਆ ਹੈ। ਇਸ ਸਬੰਧ ਵਿੱਚ ਬਿਜਲੀ ਮਹਿਕਮੇ ਨੂੰ ਸਾਡੇ ਵੱਲੋਂ ਉਸੇ ਦਿਨ ਸੂਚਿਤ ਕਰ ਦਿੱਤਾ ਗਿਆ ਸੀ ਪਰ ਐਤਵਾਰ ਛੁੱਟੀ ਹੋਣ ਕਰਕੇ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਸੋਮਵਾਰ ਟ੍ਰਾਂਸਫਾਰਮਰ ਦੇਣ ਦੀ ਗੱਲ ਕੀਤੀ ਅਤੇ 27 ਜਨਵਰੀ ਨੂੰ ਵਰਕਿੰਗ ਡੇ ਹੋਣ ਕਰਕੇ ਸਬੰਧਤ ਜੇਈ ਵੱਲੋਂ ਇਹ ਸੜਿਆ ਹੋਇਆ ਟ੍ਰਾਂਸਫਾਰਮਰ ਮਹਿਤਪੁਰ ਦਫਤਰ ਵਿੱਚ ਲਿਆਉਣ ਲਈ ਕਿਹਾ । ਸਬੰਧਤ ਜਨਤਾ ਨਗਰ ਘਰਾਂ ਵਾਲੇ



ਸਵੇਰੇ 11 ਵੱਜੇ ਤੋਂ ਟਰਾਂਸਫਰ ਲੈ ਕੇ ਬਿਜਲੀ ਘਰ ਮਹਿਤਪੁਰ ਵਿੱਚ ਬੈਠੇ ਰਹੇ ਤੇ ਸ਼ਾਮ ਤੱਕ ਸਬੰਧਿਤ ਜੇ ਈ ਸਾਹਬ ਟ੍ਰਾਂਸਫਾਰਮਰ ਲੈ ਕੇ ਦੇਣ ਲਈ ਲਾਰੇ ਰੱਪੇ ਲਗਾਉਂਦੇ ਰਹੇ । ਅੰਤ ਵਿੱਚ ਸ਼ਾਮ ਨੂੰ 5 ਵਜੇ ਕੱਲ ਆਉਣ ਲਈ ਦੁਬਾਰਾ ਕਹਿ ਦਿੱਤਾ ਗਿਆ। ਵਰਨਣ ਯੋਗ ਹੈ ਕਿ ਇਸ ਮੌਕੇ ਸ਼ਹਿਰ ਦੇ ਮੋਹਤਬਰ ਐਮ ਸੀ ਮਹਿੰਦਰ ਪਾਲ ਸਿੰਘ ਟੁਰਨਾ ਅਤੇ ਦੋਆਬਾ ਕਿਸਾਨ ਯੂਨੀਅਨ ਦੇ ਪ੍ਰਧਾਨ ਰਸ਼ਪਾਲ ਸਿੰਘ ਧੰਜੂ ਵਲੋਂ ਵੀ ਨਵਾਂ ਟ੍ਰਾਂਸਫਾਰਮਰ ਦੇਣ ਲਈ ਸਬੰਧਤ ਅਧਿਕਾਰੀਆਂ ਨੂੰ ਅਪੀਲ ਕੀਤੀ ਗਈ। ਪਰ ਇਸ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਕੀਤੀ ਗਈ। ਟਰਾਂਸਫਰ ਦੇਣ ਨੂੰ ਲੈ ਕੇ ਮਹਿਕਮੇ ਵੱਲੋਂ ਕੀਤੀ ਖਜਲ ਖੁਆਰੀ ਨੂੰ ਲੈ ਕੇ ਪਿੰਡ ਜਨਤਾ ਨਗਰ ਦੇ ਪ੍ਰਭਾਵਿਤ ਘਰਾਂ ਵਾਲੇ ਖਪਤਕਾਰ ਗੁਰਨਾਮ ਮਹਿਸਮਪੁਰੀ, ਸੁਖਦੇਵ ਸਿੰਘ ਹੁੰਦਲ, ਪਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ, ਜਤਿੰਦਰ ਸਿੰਘ ਵਲੋਂ ਸੜਿਆ ਹੋਇਆ ਟ੍ਰਾਂਸਫਾਰਮਰ ਜਲਦੀ ਨਾ ਬਦਲਣ ਅਤੇ ਡਿਊਟੀ ਦੌਰਾਨ ਕੁਤਾਹੀ ਵਰਤਣ ਵਾਲੇ ਜੇ ਈ ਵਿਰੁੱਧ ਸਰਕਾਰ ਨੂੰ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ।

# ਹਾਈਬਿਡ ਸਬਜ਼ੀਆਂ ਅਤੇ ਹੋਰ ਬਾਗਬਾਨੀ ਫਸਲਾਂ ਤੇ ਸਬਸਿਡੀ ਦੀ ਸਹੂਲਤ ਜਾਰੀ :- ਸਹਾਇਕ ਡਾਇਰੈਕਟਰ ਬਾਗਬਾਨੀ

**ਨਵਾਂ ਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਖੇਤੀ ਵਿਭੰਨਤਾ ਵਿੱਚ ਬਾਗਬਾਨੀ ਫਸਲਾਂ ਦਾ ਅਹਿਮ ਰੋਲ ਹੈ। ਮਾਨਯੋਗ ਸ਼ੀ ਮਹਿੰਦਰ ਭਗਤ ਬਾਗਬਾਨੀ ਮੰਤਰੀ, ਪੰਜਾਬ ਜੀ ਦੀ ਯੋਗ ਅਗਵਾਈ ਹੇਠ ਅਤੇ ਮਾਨਯੋਗ ਡਾਇਰੈਕਟਰ ਬਾਗਬਾਨੀ ਪੰਜਾਬ ਸ਼ੀਮਤੀ ਸ਼ਲਿੰਦਰ ਕੌਰ, ਆਈ।ਐਫ।ਐਸ। ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਗਬਾਨੀ ਦੇ ਵਿਕਾਸ ਲਈ ਭਰਪੂਰ ਉਪਰਾਲੇ ਕੀਤੇ ਜਾ ਰਹੇ ਹਨ। ਸ਼ੀ ਰਾਜੇਸ਼ ਕੁਮਾਰ ਸਹਾਇਕ ਡਾਇਰੈਕਟਰ ਬਾਗਬਾਨੀ, ਸ਼ਹੀਦ ਭਗਤ ਸਿੰਘ ਨਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਬਾਗਬਾਨੀ ਵਿਭਾਗ ਵੱਲ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਜਿਵ ਕਿ ਨਵ ਬਾਗ ਲਗਾਉਣਾ, ਹਾਈਬਿਡ ਸਬਜ਼ੀਆਂ ਸਮੇਤ ਓਪਨ ਪੋਲੀਨੇਟਡ (ਪਿਆਜ਼ ਅਤੇ ਲਸਣ) ਸਬਜ਼ੀਆਂ ਦੀ ਕਾਸ਼ਤ, ਫੁੱਲਾਂ ਦੀ ਕਾਸ਼ਤ, ਖੁੰਬ ਪੈਦਾਵਾਰ ਯੂਨਿਟ, ਵਰਮੀ ਕੰਪੋਸਟ ਯੂਨਿਟ, ਸੁਰੱਖਿਅਤ ਖੇਤੀ ਲਈ ਪੌਲੀ ਹਾਊਸੇਨੈਟ ਹਾਊਸ ਸਥਾਪਿਤ ਕਰਨ, ਇਹਨਾਂ



ਯੂਨਿਟਾਂ ਵਿੱਚ ਫੁੱਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਕਰਨ ਲਈ, ਸ਼ਹਿਦ ਮੱਖੀ ਪਾਲਣ, ਬਾਗਾਂ ਲਈ ਛੋਟਾ ਟਰੈਕਟਰ 20 ਪੀ।ਟੀ।ਓ, ਪਾਵਰ ਟਿੱਲਰ, ਸਪਰੇਅ ਪੰਪ ਆਦਿ ਤੇ ਵਿਭਾਗ ਵਲ 40 ਤ 50 ਪਤੀਸ਼ਤ ਤੱਕ ਸਬਸਿਡੀ ਦਿੱਤੀ ਜਾਂਦੀ ਹੈ। ਇਸ ਤ ਇਲਾਵਾ ਫੁੱਲਾਂ ਅਤੇ ਸਬਜ਼ੀਆਂ ਦੀ ਤੁੜਾਈ ਉਪਰੰਤ ਸਾਂਭ-ਸੰਭਾਲ ਕਰਨ ਲਈ ਖੇਤ ਵਿੱਚ ਫਾਰਮ ਗੇਟ ਪੈਕ ਹਾਊਸ ਤਿਆਰ ਕਰਨ ਲਈ 50 ਪਤੀਸ਼ਤ ਅਤੇ ਕੋਲਡ ਸਟੋਰ, ਰਾਈਪਨਿੰਗ ਚਬਰ, ਇੰਟੀਗਰੇਟਿਡ ਪੈਕ ਹਾਊਸ, ਰੈਫਰੀਜਰੇਟਿਡ ਵੈਨ, ਪਿਆਜ਼ੇਲਸਣ ਲਈ ਸਟੋਰੇਜ ਯੂਨਿਟ ਆਦਿ ਤੇ 35 ਪਤੀਸ਼ਤ ਸਬਸਿਡੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਉਹਨਾਂ ਨੇ ਅੱਗੇ ਦੱਸਿਆ ਕਿ ਇਹਨਾਂ ਮੌਜੂਦਾ ਸਕੀਮਾਂ ਤ ਇਲਾਵਾ ਸਰਕਾਰ ਵੱਲ ਕੁਝ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਜਿਹਨਾਂ ਵਿੱਚ ਬਾਗਾਂ ਅਧੀਨ ਰਕਬਾ ਵਧਾਉਣ ਲਈ ਬਾਗਬਾਨਾਂ ਨੂੰ ਤੁਪਕਾ ਸਿੰਚਾਈ ਅਧੀਨ ਨਵ ਬਾਗ ਲਗਾਉਣ ਤੇ 10 ਹਜ਼ਾਰ ਰੁਪਏ ਪਤੀ ਏਕੜ ਦੇ ਹਿਸਾਬ ਨਾਲ ਅਤੇ ਪੌਲੀ ਹਾਊਸ ਦੀ ਸ਼ੀਟ ਬਦਲਣ ਲਈ ਕਲੈਡਿੰਗ ਮਟੀਰਿਅਲ ਤੇ ਵੱਧ ਤ ਵੱਧ 4 ਹਜ਼ਾਰ ਵਰਗ ਮੀਟਰ ਤੱਕ 50 ਪਤੀਸ਼ਤ ਇਨਸੇਨਟਿਵ ਦਿੱਤਾ ਜਾਵੇਗਾ। ਇਸ ਤ ਇਲਾਵਾ ਫਲ ਅਤੇ ਸਬਜ਼ੀਆਂ ਦੇ ਮੰਡੀਕਰਨ ਲਈ ਕਿਸਾਨਾਂ ਨੂੰ ਪਲਾਸਟਿਕ ਕਰੇਟਾਂ ਅਤੇ ਗੱਤੇ ਦੇ ਡੱਬਿਆਂ ਤੇ 50 ਪਤੀਸ਼ਤ ਸਬਸਿਡੀ ਦੀ ਸਹੂਲਤ ਹੈ। ਉਹਨਾਂ ਨੇ ਦੱਸਿਆਂ ਕਿ ਬਾਗਬਾਨੀ ਦੀਆਂ ਫਸਲਾਂ ਅਪਣਾ ਕੇ ਕਿਸਾਨ ਵੀਰ ਵਧੇਰੇ ਮੁਨਾਫਾ ਕਮਾ ਜਾ ਸਕਦੇ ਹਨ। ਉਹਨਾਂ ਨੇ ਕਿਸਾਨ ਵੀਰਾਂ ਨੂੰ ਇਹਨਾਂ ਸਕੀਮਾਂ ਦਾ ਵੱਧ ਤ ਵੱਧ ਲਾਹਾਂ ਲੈਣ ਲਈ ਬਾਗਬਾਨੀ ਵਿਭਾਗ ਨਾਲ ਸੰਪਰਕ ਕਰਨ ।

# ਬਾਵਾ ਦੀ ਅਗਵਾਈ ਵਿੱਚ ਹਲਕਾ ਦੱਖਣੀ ਵਿੱਚ ਮਨਾਇਆ ਗਿਆ 77ਵਾਂ ਗਣਤੰਤਰ ਦਿਵਸ

**●ਨੇਤਰਹੀਣ ਬੱਚਿਆਂ ਦੀ ਸਰਕਾਰੀ ਸੰਸਥਾ ਵਿੱਚ ਬੱਚਿਆਂ ਨੂੰ ਗਰਮ ਕੱਪੜੇ ਅਤੇ ਮਿਠਿਆਈਆਂ ਵੰਡੀਆਂ ●ਰਾਹੁਲ ਗਾਂਧੀ ਨੂੰ ਗਣਤੰਤਰ ਦਿਵਸ 'ਤੇ ਭਾਜਪਾ ਸਰਕਾਰ ਵੱਲੋਂ ਤੀਸਰੀ ਲਾਈਨ ਵਿੱਚ ਬਿਠਾਉਣਾ ਸੌੜੀ ਸੋਚ ਦਾ ਨਤੀਜਾ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਵਿਧਾਨ ਸਭਾ ਹਲਕਾ ਦੱਖਣੀ ਵਿਖੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਦੀ ਅਗਵਾਈ ਵਿੱਚ ਕਾਂਗਰਸੀ ਨੇਤਾ ਵਰਿੰਦਰ ਭੱਲਾ ਵੱਲੋਂ 77ਵੇਂ ਗਣਤੰਤਰ ਦਿਵਸ ‘ਤੇ ਵਾਰਡ ਨੰਬਰ 38 ਵਿੱਚ ਵਿਸ਼ਾਲ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਝੰਡਾ ਲਹਿਰਾਉਣ ਦੀ ਰਸਮ ਕ੍ਰਿਸ਼ਨ ਕੁਮਾਰ ਬਾਵਾ ਦੇ ਨਾਲ ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ (ਪੰਜਾਬ ਚੈਪਟਰ) ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਅਤੇ ਰਮਨਜੋਤ ਸਿੰਘ ਢਿੱਲੋਂ ਕੈਨੇਡਾ ਨੇ ਨਿਭਾਈ ਜਦਕਿ ਇਸ ਸਮਾਗਮ ਤੋਂ ਪਹਿਲਾਂ ਚੰਡੀਗੜ੍ਹ ਰੋਡ ‘ਤੇ ਨੇਤਰਹੀਣਾਂ ਦੀ ਸਰਕਾਰੀ ਸੰਸਥਾ ਵਿੱਚ ਕ੍ਰਿਸ਼ਨ ਕੁਮਾਰ ਬਾਵਾ, ਗੁਰਨਾਮ ਸਿੰਘ ਕਲੇਰ ਅਤੇ ਬੀਬੀ ਮਨਜੀਤ ਕੌਰ ਸਰੋਏ ਨੇ ਮਿਠਿਆਈਆਂ ਅਤੇ ਗਰਮ ਕੱਪੜੇ ਬੱਚਿਆਂ ਨੂੰ ਵੰਡੇ ਜਿਸ ਵਿੱਚ ਉੱਘੇ ਉਦਯੋਗਪਤੀ ਸੁਰਿੰਦਰ ਜੈਨ ਨੇ ਭਰਵਾਂ ਯੋਗਦਾਨ ਪਾਇਆ । ਇਸ ਸਮੇਂ ਸੰਸਥਾ ਦੇ ਪ੍ਰਬੰਧਕ ਅਮਨਦੀਪ ਸਿੰਘ ਸੁਪਰਡੈਂਟ, ਇਕਬਾਲ ਸਿੰਘ, ਮੈਡਮ ਸੰਗੀਤਾ ਕਪੂਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਕਿਹਾ ਕਿ ਗਣਤੰਤਰ ਦਿਵਸ ਦਾ ਦਿਹਾੜਾ ਸਮੁੱਚੇ ਭਾਰਤੀਆਂ ਲਈ ਖ਼ੁਸ਼ੀ ਦਾ ਦਿਹਾੜਾ ਹੈ। ਉਹਨਾਂ ਕਿਹਾ ਕਿ 26 ਜਨਵਰੀ 1950 ਨੂੰ ਡਾ: ਭੀਮ ਰਾਓ ਅੰਬੇਡਕਰ ਜੀ ਦੀ ਅਗਵਾਈ ਵਿੱਚ ਰਚਿਆ ਸੰਵਿਧਾਨ ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਲਾਗੂ ਹੋਇਆ



ਜੋ ਸਾਨੂੰ ਆਜ਼ਾਦੀ ਦੇ ਨਾਲ-ਨਾਲ ਭਾਰਤ ਅਤੇ ਸਮਾਜ ਪ੍ਰਤੀ ਫ਼ਰਜ਼ਾਂ ਅਤੇ ਅਧਿਕਾਰਾਂ ਤੋਂ ਜਾਣੂ ਕਰਵਾਉਂਦਾ ਹੈ। ਉਹਨਾਂ ਕਿਹਾ ਕਿ ਲੋੜ ਹੈ ਅਧਿਕਾਰਾਂ ਦੇ ਨਾਲ-ਨਾਲ ਅਸੀਂ ਫ਼ਰਜ਼ਾਂ ਦੇ ਪ੍ਰਤੀ ਵੀ ਪੂਰੀ ਸੁਹਿਰਦਤਾ ਨਾਲ ਰੋਲ ਅਦਾ ਕਰੀਏ। ਉਹਨਾਂ ਕਿਹਾ ਕਿ ਮਹਿੰਗੇ ਮੁੱਲ ਮਿਲੀ ਆਜ਼ਾਦੀ ਦੇ ਮੁੱਲ ਨੂੰ ਪਛਾਣਦੇ ਹੋਏ ਮਹਾਨ ਦੇਸ਼ ਭਗਤਾਂ ਆਜ਼ਾਦੀ ਦੇ ਪਰਵਾਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ ਅਤੇ ਲਾਲਾ ਲਾਜਪਤ ਰਾਏ ਜੀ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਉਹਨਾਂ ਮਹਾਨ ਯੋਧਿਆਂ ਦੇ ਆਜ਼ਾਦੀ ਪ੍ਰਤੀ ਦਿੱਤੇ ਨਾਅਰਿਆਂ ਨੂੰ ਵੀ ਹਿਰਦੇ ਅੰਦਰ ਬਿਠਾਈਏ ਜੋ ਆਜ਼ਾਦੀ ਸੰਗਰਾਮ ਸਮੇਂ ਸਭ ਦੇ ਦਿਲਾਂ ਅੰਦਰ ਵੱਖਰੀ ਛਾਪ ਛੱਡ ਗਏ। ਜੋ ਭਾਈਚਾਰਕ ਸਾਂਝ ਦੀ ਵੀ ਵੱਡੀ ਮਿਸਾਲ ਹਨ। ਉਸ ਸਮੇਂ ਕਿਹਾ ਜਾਂਦਾ ਸੀ ਕਿ

“ਲਾਲ ਕਿਲੇ ਸੇ ਆਈ ਆਵਾਜ਼
ਢਿਲੋਂ, ਸਹਿਗਲ, ਸ਼ਾਹ ਨਵਾਜ਼”

ਆਓ ਆਜ਼ਾਦੀ ਦੇ ਪਰਵਾਨਿਆਂ ਨੂੰ ਯਾਦ ਕਰਦੇ ਹੋਏ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਸੰਕਲਪ ਲਈਏ। ਇਸ ਸਮੇਂ ਸ਼੍ਰੀ ਬਾਵਾ ਨੇ ਕਿਹਾ ਕਿ ਭਾਰਤ ਦੇ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਤੀਸਰੀ ਲਾਈਨ ਵਿੱਚ ਬਿਠਾ ਕੇ ਭਾਜਪਾ ਸਰਕਾਰ ਨੇ ਸੌੜੀ (ਛੋਟੀ) ਸੋਚ ਦਾ ਪ੍ਰਣਾਮ ਦਿੱਤਾ ਹੈ। ਸਮਾਗਮ ਵਿੱਚ ਸਟੇਜ ਦੀ ਸੇਵਾ ਮਾਸਟਰ ਹਰੀ ਦਾਸ ਬਾਵਾ ਨੇ ਨਿਭਾਈ ਜਦਕਿ ਇਸ ਸਮੇਂ ਸਾਬਕਾ ਕੌਂਸਲਰ ਰਜਿੰਦਰ ਸਿੰਘ ਬਾਜਵਾ, ਬੀਬੀ ਮਨਜੋਤ ਕੌਰ, ਇਕਬਾਲ ਸਿੰਘ ਰਿਐਤ, ਕੈਨੇਡਾ ਤੋਂ ਸਰਪੰਚ ਸਿਕੰਦਰ ਸਿੰਘ ਦੇ ਸਪੁੱਤਰ ਰਮਨਜੋਤ ਸਿੰਘ ਢਿੱਲੋਂ ਕੈਨੇਡਾ ਅਤੇ ਅਮਰੀਕਾ ਤੋਂ ਆਏ ਸੀਮਿਤ ਜਵੰਦਾ ਅਤੇ ਘੱਟ ਗਿਣਤੀ ਸੈੱਲ ਕਾਂਗਰਸ ਦੇ ਵਾਈਸ ਚੇਅਰਮੈਨ ਰਹੇ ਉਮਰਾਓ ਸਿੰਘ ਛੀਨਾ, ਸੁਖਵਿੰਦਰ ਸਿੰਘ ਜਗਦੇਵ, ਕਰਨੈਲ ਸਿੰਘ ਗਿੱਲ ਡਾਇਰੈਕਟਰ ਮਾਰਕਫੈਡ, ਬਲਵੀਰ ਸਿੰਘ ਸਰਪੰਚ, ਅਮਰਪਾਲ ਸਿੰਘ, ਮਮਤਾ ਰਾਣੀ, ਸਰਬਜੀਤ ਵਰਮਾ, ਕੁਲਵੰਤ ਰਾਏ, ਰਾਜ ਰਾਣੀ, ਕਮਲਜੀਤ ਕੌਰ ਬਾਵਾ, ਰੇਨੂ ਨਾਰੰਗ ਸਮਾਜਸੇਵੀ, ਕ੍ਰਿਸ਼ਨਾ ਦੇਵੀ, ਭੋਲੀ, ਬਲਵਿੰਦਰ ਕੌਰ, ਮਨਪ੍ਰੀਤ ਕੌਰ, ਨਵਰੀਤ ਕੌਰ, ਕੀਰਤੀ ਰਾਣੀ, ਰਾਧਿਕਾ, ਨਰਿੰਦਰ ਕੁਮਾਰ, ਰਵੀ ਕੁਮਾਰ, ਹਰਪ੍ਰੀਤ ਕੌਰ, ਅਮਿਤ ਕੁਮਾਰ, ਸੁਰੇਸ਼ ਸ਼ਰਮਾ, ਦੀਪਕ ਪੰਡਿਤ, ਰਾਮਪਾਲ, ਮਨਵਿੰਦਰ ਸਿੰਘ ਊਬੀ, ਲਲਿਤਾ ਰਾਣੀ, ਕਿਰਨ ਕਪੂਰ, ਵੀਨਾ ਰਾਣੀ, ਜਸਵਿੰਦਰ ਕੌਰ, ਰੇਨੂ ਅਹੂਜਾ, ਰਿੰਕਾ ਗੁਪਤਾ, ਰੇਖਾ ਰਾਣੀ, ਆਰਤੀ, ਕੋਮਲ, ਹੇਮਾ, ਸ਼ੁਕਲਾ, ਵਿੱਕੀ ਲੂੰਬਾ ਆਦਿ ਹਾਜ਼ਰ ਸਨ।

# ਸੰਤ ਨਿਰੰਜਨ ਦਾਸ ਜੀ ਮਹਾਰਾਜ ਨੂੰ ਪਦਮ ਸ੍ਰੀ ਅਵਾਰਡ ਮਿਲਣਾ ਬੇਹੱਦ ਸਨਮਾਨ ਯੋਗ

**ਸ੍ਰੀ ਮੁਕਤਸਰ ਸਾਹਿਬ( ਸ਼ਿਵਨਾਥ )** ਡੇਰਾ ਸੱਚ ਖੰਡ ਬੱਲਾਂ (ਜਲੰਧਰ) ਦੇ ਗੱਦੀ ਨਸ਼ੀਨ ਸਤਿਗੁਰੂ ਧਰਮ ਗੁਰੂ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਆਪਣਾ ਸਾਰਾ ਜੀਵਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਪਵਿੱਤਰ ਅੰਮ੍ਰਿਤ ਬਾਣੀ ਦੇ ਪ੍ਰਚਾਰ ਪਸਾਰ ਲਈ ਸਮਰਪਿਤ ਕੀਤਾ ਹੋਇਆ ਹੈ। ਸੰਤ ਨਿਰੰਜਨ ਦਾਸ ਜੀ ਦੀ ਪ੍ਰੇਰਣਾ ਅਤੇ ਅਗਵਾਈ ਸਦਕਾ ਰਵਿਦਾਸੀਆ ਧਰਮ ਨੇ ਸਾਰੇ ਸੰਸਾਰ ਵਿੱਚ ਵਿਲੱਖਣ ਪਛਾਣ ਬਣਾਈ ਹੋਈ ਹੈ। ਉਨ੍ਹਾਂ ਨੇ ਸਮੁੱਚੇ ਸਮਾਜ ਨੂੰ ਸਮਤਾ, ਸਮਾਨਤਾ, ਭਾਈਚਾਰੇ, ਪ੍ਰੇਮ ਅਤੇ ਭਾਈਚਾਰੇ ਦਾ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਹੈ। ਲੱਖਾਂ ਸ਼ਰਧਾਲੂਆਂ ਦੇ ਆਤਮਿਕ ਮਾਰਗ ਦਰਸ਼ਕ ਸਤਿਗੁਰੂ ਸੰਤ ਨਿਰੰਜਨ ਦਾਸ ਜੀ ਮਹਾਰਜਾ ਨੂੰ ਦੇਸ਼ ਦਾ ਮਾਣਮੱਤਾ ਨਾਗਰਿਕ ਸਨਮਾਨ ਪਦਮ ਸ੍ਰੀ ਅਵਾਰਡ ਨਾਲ ਨਿਵਾਜਿਆ ਹੈ। ਗਣਤੰਤਰ ਦਿਵਸ ਮੌਕੇ ਪਦਮ ਸ੍ਰੀ ਅਵਾਰਡ ਪ੍ਰਾਪਤ ਕਰਨ ਲੇ ਕੁੱਲ 113 ਮਾਣਮੱਤੀਆਂ ਸਖਸ਼ੀਅਤਾਂ ਵਿੱਚ ਤਿੰਨ ਪੰਜਾਬ ਨਾਲ ਸਬੰਧਤ ਹਨ। ਇਹਨਾਂ ਤਿੰਨਾਂ ਵਿੱਚ ਸੰਤ ਨਿਰੰਜਨ ਦਾਸ ਜੀ ਮਹਾਰਾਜ ਸ਼ਾਮਲ ਹਨ। ਭਾਰਤ ਸਰਕਾਰ ਦੀ ਸਿਫਾਰਸ਼ ਨਾਲ ਇਹ ਅਵਾਰਡ ਦਿੱਤੇ ਜਾਂਦੇ ਹਨ।



ਪਿਛਲੇ ਕਈ ਸਾਲਾਂ ਤੋਂ ਸਤਿਗੁਰ ਰਵਿਦਾਸ ਜੀ ਮਹਾਰਾਜ ਦੇ ਜਨਮ ਅਸਥਾਨ ਸੀਰ ਗਵਰਧਨਪੁਰ (ਬਨਾਰਸ) ਗੁਰੂ ਰਵਿਦਾਸ ਪ੍ਰਕਾਸ਼ ਉਤਸਵ ਮੌਕੇ ਲੰਗਰ ਲਗਾਉਂਦੀ ਆ ਰਹੀ ਸਥਾਨਕ ਮਾਲਵਾ ਲੰਗਰ ਕਮੇਟੀ ਦੇ ਜਨਰਲ ਸਕੱਤਰ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਸਤਿਗੁਰੂ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੂੰ ਪਦਮ ਸ੍ਰੀ ਅਵਾਰਡ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਮੁੱਚੇ ਸਮਾਜ ਨੂੰ ਵਧਾਈ ਦਿੱਤੀ ਹੈ। ਇਸ ਤੋਂ ਇਲਾਵਾ ਮਾਲਵਾ ਲੰਗਰ ਕਮੇਟੀ ਦੇ ਸੀਨੀਅਰ ਆਗੂ ਸੰਤ ਲਾਲ ਖਿੱਚੀ ਅਤੇ ਇੰਜ. ਅਸ਼ੋਕ ਕੁਮਾਰ ਭਾਰਤੀ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੀ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਢੋਸੀਵਾਲ ਸਮੇਤ ਸਮੂਹ ਕਮੇਟੀ ਮੈਂਬਰਾਂ ਨੇ ਪਦਮ ਸ੍ਰੀ ਸੰਤ ਨਿਰੰਜਨ ਦਾਸ ਜੀ ਮਹਾਰਜਾ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਹੈ।

# ਭਾਰਤ ਦੇ ਨਿਰਪੱਖ ਅਤੇ ਸਰਵੋਤਮ ਸੰਵਿਧਾਨ ਨੇ ਸਿਹਤਮੰਦ ਲੋਕਤੰਤਰ ਦੀ ਰੱਖੀ ਨੀਂਹ : ਦੇਬੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਜ਼ਿਲ੍ਹਾ ਭਾਜਪਾ ਵਿਧਾਨਸਭਾ ਸੈਂਟਰਲ ਵੱਲੋਂ ਪੰਜਾਬ ਭਾਜਪਾ ਖ਼ਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਦੀ ਪ੍ਰਧਾਨਗੀ ਹੇਠ 77ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਸਥਾਨਕ ਵਿਸ਼ਵਕਰਮਾ ਚੌਕ ਅਤੇ ਚੀਮਾ ਚੌਕ ਸਮੇਤ ਵਿਧਾਨ ਸਭਾ ਸੈਂਟਰਲ ਦੇ ਵੱਖ-ਵੱਖ ਵਾਰਡਾਂ ਵਿੱਚ ਕਰਵਾਏ ਗਏ ਸਮਾਗਮਾਂ ਵਿੱਚ ਦੇਬੀ ਨੇ ਝੰਡਾ ਲਹਿਰਾਇਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਗੁਰਦੇਵ ਸ਼ਰਮਾ ਦੇਬੀ ਨੇ ਆਜ਼ਾਦੀ ਦੀ ਲੜਾਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਬੀ.ਆਰ. ਅੰਬੇਡਕਰ ਦੀ ਅਗਵਾਈ ਹੇਠ ਸੰਵਿਧਾਨ ਸਭਾ ਨੇ ਭਾਰਤ ਨੂੰ ਨਿਰਪੱਖ ਸੰਵਿਧਾਨ ਪ੍ਰਦਾਨ ਕਰਕੇ ਸਿਹਤਮੰਦ ਲੋਕਤੰਤਰ ਦੀ ਨੀਂਹ ਰੱਖੀ। ਇੱਕ ਭਾਰਤ -ਵਿਸ਼ੇਸ਼ ਭਾਰਤ ਦੀ ਤਾਕਤ ਨੂੰ ਦੇਖ ਕੇ ਦੁਨੀਆ ਭਰ ਵਿੱਚ ਤਾਕਤਵਰ ਭਾਰਤ ਵਜੋਂ ਪਛਾਣ ਹੋ ਰਹੀ ਹੈ। ਇਸ ਮੌਕੇ ਰਵੀ ਬੱਤਰਾ, ਗੁਰਦੀਪ ਚਾਵਲਾ, ਸੰਦੀਪ, ਕਨਿਕਾ ਜਿੰਦਲ, ਨਿਰਮਲ ਨਈਅਰ, ਮਹੇਸ਼ ਦੱਤ ਸ਼ਰਮਾ, ਨਵਲ ਜੈਨ, ਰਾਸ਼ੀ ਅਗਰਵਾਲ, ਸਤਨਾਮ ਸੇਠੀ, ਅਸ਼ਵਨੀ ਟੰਡਨ, ਅੰਕਿਤ ਬੱਤਰਾ, ਦੀਪਕ ਜੌਹਰ, ਗੁਰਦੀਪ ਸਿੰਘ ਨੀਟੂ, ਅਰੁਣ ਕੁਮਰਾ, ਲੱਕੀ ਸੱਭਰਵਾਲ, ਰਾਜੀਵ ਸ਼ਰਮਾ, ਸਤਨਾਮ ਸਿੰਘ ਸੰਦੀਪ, ਸੈਰਵ ਕਸ਼ਯਪ, ਪਰਮਿੰਦਰ ਕਾਕਾ, ਰਵੀ ਬਾਹਰੀ, ਰੌਣਕ ਸਿੰਘ, ਭੁਪਿੰਦਰ ਸਿੰਘ, ਗਿਰੀਸ਼ ਨਾਕੜਾ, ਬੰਸੀ ਲਾਲ, ਦਰਸ਼ਨ ਛਾਬੜਾ, ਦਵਿੰਦਰਾ ਭੋਲਾ ਅਤੇ ਹੋਰ ਵੀ ਹਾਜ਼ਰ ਸਨ।





# ਗੁਰਦੁਆਰਾ ਸੋਲਖੀਆਂ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਬਹੁਤ ਸ਼ਰਧਾ ਨਾਲ ਮਨਾਇਆ ਗਿਆ

## ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 8 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਵਾਏ ਗਏ



**ਕੁਰਾਲੀ (ਜਤਿੰਦਰ ਪਾਲ ਸਿੰਘ ਕਲੇਰ )** ਗੁਰਦੁਆਰਾ ਸੋਲਖੀਆਂ ਸਾਹਿਬ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਨਿਰਭੈਰ ਸਿੰਘ ਖਾਲਸਾ ਨੇ ਦੱਸਿਆ ਪਿਛਲੇ ਦਿਨਾਂ ਤੋਂ ਸ੍ਰੀ 8 ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਹਨਾਂ ਦੇ ਭੋਗ ਪਾਏ ਗਏ ਉਪਰੰਤ ਭਾਈ ਸੁਖਜਿੰਦਰ ਸਿੰਘ ਜੀ ਹਜ਼ੂਰੀ ਰਾਗੀ ਭਾਈ ਕਰਨਵੀਰ ਸਿੰਘ ਜੀ ਪਟਿਆਲੇ ਵਾਲੇ ਭਾਈ ਭੁਪਿੰਦਰ ਸਿੰਘ ਜੀ ਮਾਜਰੇ ਵਾਲੇ ਜਥਿਆਂ ਵੱਲੋਂ ਆਈਆਂ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਬੀਬੀ ਕਮਲਜੀਤ ਕੌਰ ਖਾਲਸਾ ਵੱਲੋਂ ਆਈਆਂ ਸੰਗਤਾਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ ਆਈਆਂ ਸੰਗਤਾਂ ਲਈ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ ਇਸ ਮੌਕੇ ਵੱਡੀ ਗਿਣਤੀ ਚ ਸੰਗਤਾਂ ਹਾਜ਼ਰ ਸਨ।

# ਕਵਿਤਾ ਸਕੂਲ ਅਤੇ "ਮਾਤ-ਭਾਸ਼ਾ ਦੀ ਹੋਣੀ" ਗੀਤ ਦਾ ਲੋਕ ਅਰਪਣ 01ਫਰਵਰੀ ਨੂੰ

**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ਦਾ ਮਹੀਨਾਵਾਰ ਸਾਹਿਤਕ ਸਮਾਗਮ ਹਰ ਵਾਰੀ ਦੀ ਤਰ੍ਹਾਂ ਪਹਿਲੇ ਐਤਵਾਰ 01 ਫਰਵਰੀ ਨੂੰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ 10 ਵਜੇ ਸਵੇਰੇ ਕੀਤਾ ਜਾਵੇਗਾ, ਜਿਸ ਵਿੱਚ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਦੁਆਰਾ ਲਿਖਿਆ ਅਤੇ ਏ.ਆਈ ਤਕਨੀਕ ਨਾਲ ਰਿਕਾਰਡ ਕੀਤਾ ਸੱਭਿਆਚਾਰਕ ਗੀਤ " ਮਾਤ-ਭਾਸ਼ਾ ਦੀ ਹੋਣੀ " ਲੋਕ ਅਰਪਣ ਕੀਤਾ ਜਾਵੇਗਾ । ਇਹ ਗੀਤ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਹੈ ਜਿਸ ਵਿੱਚ ਮਾਤ ਭਾਸ਼ਾ ਪੰਜਾਬੀ ਅਤੇ ਗੁਰਮੁਖੀ ਲਿੱਪੀ ਪ੍ਰਤੀ ਪੰਜਾਬੀਆਂ ਦੇ ਹੋ ਰਹੇ ਮੋਹ ਭੰਗ ਬਾਰੇ ਫਿਕਰਮੰਦੀ ਦੇ ਜ਼ਿਕਰ ਦੇ ਨਾਲ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਸਾਡੀ ਭਾਸ਼ਾ ਨੂੰ ਰੋਜ਼ਗਾਰ ਦੀ ਭਾਸ਼ਾ ਨਾ ਬਣਾਉਣ ਗੱਲ ਕਰਦਿਆਂ ਲੋਕਾਂ ਨੂੰ ਇਕੱਠੇ ਅਤੇ ਸੁਚੇਤ ਕਰਨ ਦਾ ਸੰਕੇਤ ਮਾਤਰ ਜ਼ਿਕਰ ਵੀ ਹੈ ਤਾਂ ਕਿ ਜਨ ਸਮੂਹ ਦੇ ਸਹਿਯੋਗ ਨਾਲ ਮੌਜੂਦਾ ਸਰਕਾਰਾਂ ਨੂੰ ਸਮੇਂ ਸਮੇਂ 'ਤੇ ਬਣਾਏ ਭਾਸ਼ਾ ਕਾਨੂੰਨਾਂ ਨੂੰ ਅਮਲੀ ਰੂਪ ਦੇਣ ਲਈ ਮਜ਼ਬੂਰ ਕੀਤਾ ਜਾ ਸਕੇ । ਇਸ ਤੋਂ ਇਲਾਵਾ ਜਨਵਰੀ ਮਹੀਨੇ ਤੋਂ ਸ਼ੁਰੂ ਕੀਤੇ ਗਏ " ਕਵਿਤਾ ਸਕੂਲ " ਦੇ ਪਿਛਲੇ ਪਾਠ ਦੀ ਦੁਹਰਾਈ ਅਤੇ ਅਗਲਾ ਪਾਠ ਪੜ੍ਹਾ ਕੇ ਨਵਾਂ ਤਰਹ ਮਿਸ਼ਰਾ ਵੀ ਦਿੱਤਾ ਜਾਵੇਗਾ । ਇਸ ਕਾਰਜ ਲਈ ਕਵਿਤਾ ਸਕੂਲ ਦੇ ਅਧਿਆਪਕ , ਛੰਦ ਸ਼ਾਸਤਰ ਵਿਦਵਾਨ ਅਤੇ ਸਿੱਖਿਆ ਸ਼ਾਸਤਰੀ ਸ. ਜੰਗ ਸਿੰਘ ਫੱਟੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ । ਪ੍ਰੈੱਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮੀਮਸਾ ਨੇ ਦੱਸਿਆ ਕਿ ਅਖ਼ੀਰ ਵਿੱਚ ਬਸੰਤ ਰੁੱਤ ਅਤੇ ਮਾਂ ਬੋਲੀ ਨੂੰ ਸਮਰਪਿਤ ਕਵੀ ਦਰਬਾਰ ਕਰਨ ਦੇ ਨਾਲ ਨਾਲ ਫਰਵਰੀ ਮਹੀਨੇ ਵਿੱਚ ਜਨਮੇਂ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ ।



# ਤਿੰਨ ਪਿੰਡਾਂ ਦੀਆਂ ਪੰਚਾਇਤਾਂ, ਅਧਿਆਪਕ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ ਸੈਕੰਡਰੀ ਅੱਗੇ ਵਿਸ਼ਾਲ ਰੋਸ ਧਰਨਾ

## ● ਮਾਮਲਾ ਅਧਿਆਪਕ ਸੁਰਿੰਦਰ ਸਿੰਘ ਨੂੰ ਇਨਸਾਫ ਦਿਵਾਉਣ ਦਾ ● ਸਕੂਲ ਮੁੱਖੀ ਨੇ ਸਾਰੇ ਦੋਸ਼ਾਂ ਨੂੰ ਨਕਾਰਿਆ

**ਕਪੂਰਥਲਾ, (ਕੌੜਾ)–** ਸਰਕਾਰੀ ਹਾਈ ਸਕੂਲ ਅੰਮ੍ਰਿਤਪੁਰ ਰਾਜੇਵਾਲ ਦੇ ਅਧਿਆਪਕ ਸੁਰਿੰਦਰ ਸਿੰਘ ਨੂੰ ਇਨਸਾਫ ਦਿਵਾਉਣ ਨੂੰ ਲੈ ਕੇ ਤਿੰਨ ਪਿੰਡਾਂ ਦੀਆਂ ਪੰਚਾਇਤਾਂ ਐਸ ਐਮ ਸੀ ਕਮੇਟੀ ਡੀ ਟੀ ਐਫ ਕਿਰਤੀ ਕਿਸਾਨ ਯੂਨੀਅਨ ਪੇਂਡੂ ਮਜ਼ਦੂਰ ਯੂਨੀਅਨ ਅਤੇ ਭਰਾਤਰੀ ਅਧਿਆਪਕ ਜਥੇਬੰਦੀਆਂ ਸਹਿਯੋਗ ਨਾਲ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਕਪੂਰਥਲਾ ਦੇ ਦਫਤਰ ਮੂਹਰੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਡੀ ਟੀ। ਐਫ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ, ਬਲਵੰਤ ਸਿੰਘ ਸਰਪੰਚ ਰਾਜੇਵਾਲ, ਸ਼ਿੰਗਾਰਾ ਸਿੰਘ ਸਰਪੰਚ ਅੰਮ੍ਰਿਤਪੁਰ, ਪਰਮਜੀਤ ਕੌਰ ਸਰਪੰਚ ਮੁੰਡੀ ਛੰਨਾ , ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ, ਤਰਸੇਮ ਸਿੰਘ ਬੰਨੇਮੱਲ ਅਤੇ ਅਮਰਜੀਤ ਸਿੰਘ ਜਵਾਲਾਪੁਰ ਜ਼ਿਲ੍ਹਾ ਪ੍ਰਧਾਨ ਪੇਂਡੂ ਮਜ਼ਦੂਰ ਯੂਨੀਅਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਅੰਮ੍ਰਿਤਪੁਰ ਰਾਜੇਵਾਲ ਸਕੂਲ ਦੇ ਅਧਿਆਪਕ ਸੁਰਿੰਦਰ ਸਿੰਘ ਨੂੰ ਸਕੂਲ ਮੁਖੀ ਵੱਲੋਂ





ਧਰਨੇ ਨੂੰ ਸੰਬੋਧਨ ਕਰਦੇ ਹੋਏ ਡੈਮੋਕਰੇਟਵ ਟੀਚਰ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ ਤੇ ਨਾਅਰੇਬਾਜ਼ੀ ਕਰਦੇ ਹੋਏ ਅਧਿਆਪਕ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂ ।

ਕਥਿਤ ਤੌਰ ਤੇ ਸਕੂਲ ਵਿੱਚ ਹਾਜ਼ਰ ਹੋਣ ਦੇ ਬਾਵਜੂਦ ਗੈਰ ਹਾਜ਼ਰ ਕਰਾਰ ਦੇ ਕੇ ਉਸ ਦੇ ਖਿਲਾਫ ਕਥਿਤ ਸਾਜਿਸ਼ ਤਹਿਤ ਜ਼ਿਲ੍ਹਾ ਸਿੱਖਿਆ ਦਫਤਰ ਸੈਕੰਡਰੀ ਕਪੂਰਥਲਾ ਲਿਖਤੀ ਰੂਪ ਵਿੱਚ ਸ਼ਿਕਾਇਤ ਭੇਜੀ ਗਈ ।ਤਿੰਨਾਂ ਪਿੰਡਾਂ ਦੀਆਂ ਪੰਚਾਇਤਾਂ ਡੈਮੋਕਰੇਟਿਕ ਟੀਚਰ ਫਰੰਟ ਨੇ ਇਸ ਮਸਲੇ ਬਾਰੇ ਸਕੂਲ ਮੁਖੀ ਨਾਲ ਮਿਲ ਕੇ ਪੁੱਛਿਆ ਤਾਂ ਪੀੜਿਤ ਅਧਿਆਪਕ ਰੋਜਾਨਾ ਸਕੂਲ ਵਿੱਚ ਹਾਜ਼ਰ ਹੋਣ ਦੇ ਬਾਵਜੂਦ ਇਸ ਨੂੰ ਗੈਰ ਹਾਜ਼ਰ ਕਰਾਰ ਕਿਉਂ ਦਿੱਤਾ ਜਾ ਰਿਹਾ ਤਾਂ ਸਕੂਲ ਮੁਖੀ ਵੱਲੋਂ ਕੋਈ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ ਗਿਆ। ਉਧਰ ਪਿੰਡ ਦੇ ਲੋਕਾਂ ਨੇ ਕਥਿਤ ਤੌਰ ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹਨਾਂ ਨੇ ਬਿਨਾਂ ਪੜਤਾਲ ਕੀਤੇ ਹੀ ਇਹ ਸਾਰਾ ਮਾਮਲੇ ਦਾ ਕੇਸ ਚੰਡੀਗੜ੍ਹ ਨੂੰ ਭੇਜ ਦਿੱਤਾ ਹੈ। ਸੰਬੰਧਤ ਅਧਿਆਪਕ ਨੂੰ ਇਨਸਾਫ ਨਾ ਮਿਲਦਾ ਵੇਖ ਕੇ ਅੱਜ ਤਿੰਨਾਂ ਪਿੰਡਾਂ ਦੀਆਂ ਪੰਚਾਇਤਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਡੈਮੋਕਰੇਟਿਕ ਟੀਚਰ ਵੱਲੋਂ ਸਾਂਝੇ ਰੂਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਕਪੂਰਥਲਾ ਦਾ ਘੇਰਾਓ ਕੀਤਾ ਗਿਆ ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਰੇਬਾਜ਼ੀ ਕੀਤੀ ਗਈ। ਆਗੂਆਂ ਮੰਗ ਕੀਤੀ ਕਿ ਪੀੜਿਤ ਅਧਿਆਪਕ ਸੁਰਿੰਦਰ ਸਿੰਘ ਨੂੰ ਸਕੂਲ ਵਿੱਚ ਤੁਰੰਤ ਹਾਜ਼ਰ ਕਰਵਾ ਕੇ ਇਨਸਾਫ ਦਿਵਾਇਆ ਜਾਵੇ । ਇਸ ਮੌਕੇ ਪ੍ਰਸ਼ਾਸਨ ਵੱਲੋਂ ਨਾਇਬ ਤਹਿਸੀਲਦਾਰ ਐਸ ਐਚ ਓ ਸਦਰ ਅਤੇ ਉਪ ਜਿਲ੍ਹਾ ਸਿੱਖਿਆ ਸੈਕੰਡਰੀ ਕਪੂਰਥਲਾ ਵੱਲੋਂ ਧਰਨੇ ਵਿੱਚ ਆ ਕੇ ਇਹ ਵਿਸ਼ਵਾਸ ਦਿਵਾਇਆ ਗਿਆ ਕਿ 2 ਫਰਵਰੀ ਨੂੰ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਕਪੂਰਥਲਾ ਤੇ ਪ੍ਰਸ਼ਾਸਨ ਸਰਕਾਰੀ ਹਾਈ ਸਕੂਲ ਅੰਮ੍ਰਿਤਪੁਰ ਰਾਜੇਵਾਲ ਪਹੁੰਚ ਕੇ ਸਕੂਲ ਮੁਖੀ, ਪੀੜਿਤ ਅਧਿਆਪਕ ਅਤੇ ਤਿੰਨਾਂ ਪਿੰਡਾਂ ਦੀਆਂ ਪੰਚਾਇਤਾਂ ਨਾਲ ਗੱਲਬਾਤ ਕਰਕੇ ਸਾਰੇ ਮਸਲੇ ਦਾ ਹੱਲ ਕਰੇਗਾ। ਜਿਸ ਤੋਂ ਬਾਅਦ ਧਰਨਾਕਾਰੀਆਂ ਵੱਲੋਂ ਧਰਨਾ ਸਮਾਪਤ ਕੀਤਾ ਗਿਆ ਇਸ ਮੌਕੇ ਤੇ ਰਸ਼ਪਾਲ ਸਿੰਘ ਵੜੈਚ ਸੂਬਾਈ ਆਗੂ ਗੋਰਮਿੰਟ ਟੀਚਰ ਯੂਨੀਅਨ, ਨਰੇਸ਼ ਕੋਹਲੀ ਜ਼ਿਲ੍ਹਾ ਪ੍ਰਧਾਨ ਮਾਸਟਰ ਕੇਡਰ ਯੂਨੀਅਨ, ਸੰਦੀਪ ਸਿੰਘ ਗਿੱਲ ਸੂਬਾ ਪ੍ਰਧਾਨ ,ਜਸਪਾਲ ਸਿੰਘ ਬਾਠ ਆਗੂ ਐਲੀਮੈਂਟਰੀ ਟੀਚਰ ਯੂਨੀਅਨ ,ਕਰਮ ਸਿੰਘ ਕਿਰਤੀ ਕਿਸਾਨ ਯੂਨੀਅਨ ਤੋਂ ਇਲਾਵਾ ਤਜਿੰਦਰ ਸਿੰਘ ਅਲੌਦੀਪੁਰ ਜੈਮਲ ਸਿੰਘ, ਗੁਰਮੁਖ ਸਿੰਘ, ਮਲਕੀਤ ਸਿੰਘ, ਅਵਤਾਰ ਸਿੰਘ ,ਜਸਵਿੰਦਰ ਸਿੰਘ, ਸੁਖਪਾਲ ਸਿੰਘ, ਪਵਨ ਕੁਮਾਰ ਜੋਸ਼ੀ ,ਨਰਿੰਦਰ ਸਿੰਘ ਔਜਲਾ, ਬਲਵਿੰਦਰ ਸਿੰਘ ਭੰਡਾਲ ,ਬਲਵੀਰ ਸਿੰਘ, ਗੁਰਦੀਪ ਸਿੰਘ ਧੰਮ, ਨਰਿੰਦਰ ਕੁਮਾਰ ਭੰਡਾਰੀ, ਗੌਰਵ ਗਿੱਲ, ਵੀਨੂੰ ਸੇਖੜੀ, ਅਮਨਪ੍ਰੀਤ ਕੌਰ, ਹਰਵਿੰਦਰ ਸਿੰਘ ਵਿਰਦੀ, ਸੁਰਿੰਦਰ ਪਾਲ ਸਿੰਘ, ਸੁਖਦਰਸ਼ਨ ਸਿੰਘ ,ਗੁਰਮੀਤ ਸਿੰਘ ਐਸ ਐਮ ਸੀ ਚੇਅਰਮੈਨ ਨੱਥਾ ਸਿੰਘ , ਸਤਪਾਲ ਸਿੰਘ, ਗੁਰਮੇਲ ਸਿੰਘ, ਮਹਿੰਦਰ ਸਿੰਘ, ਬੱਗਾ ਸਿੰਘ ਆਦਿ ਅਧਿਆਪਕ ਆਗੂ ਅਤੇ ਸਕੂਲ ਦੇ ਬੱਚੇ ਅਤੇ ਮਾਪੇ ਸ਼ਾਮਿਲ ਸਨ।

**ਕੀ ਕਹਿੰਦੇ ਹਨ ਸਕੂਲ ਮੁਖੀ ?**

ਦੂਜੇ ਪਾਸੇ ਜਦੋਂ ਇਸ ਸਾਰੇ ਮਾਮਲੇ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਲਗਾਏ ਕਥਿਤ ਦੋਸ਼ਾਂ ਸਬੰਧੀ ਸਕੂਲ ਮੁਖੀ ਡਿੰਪਲ ਪੰਨੂ ਨਾਲ ਸੰਪਰਕ ਕੀਤਾ ਗਿਆ ਤਾਂ, ਉਹਨਾਂ ਕਿਹਾ ਕਿ ਇਹ ਸਾਰਾ ਮਾਮਲਾ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਦੇ ਧਿਆਨ ਹਿੱਤ ਹੈ। ਉਹ ਜੋ ਵੀ ਆਦੇਸ਼ ਮੈਨੂੰ ਕਰਨਗੇ ਮੈਂ ਉਹਨਾਂ ਨੂੰ ਮੰਨਣ ਲਈ ਪਬੰਧ ਹੋਵਾਂਗੀ । ਇਸ ਤੋਂ ਇਲਾਵਾ ਸਕੂਲ ਮੈਨੇਜਮੈਂਟ ਕਮੇਟੀ,ਪਿੰਡ ਵਾਸੀਆਂ ਜਾਂ ਅਧਿਆਪਕ ਜਥੇਬੰਦੀਆਂ ਵੱਲੋਂ ਮੇਰੇ ਤੇ ਲਗਾਏ ਜਾ ਰਹੇ ਸਾਰੇ ਦੋਸ਼ ਪੂਰੀ ਤਰ੍ਹਾਂ ਨਾਲ ਝੂਠੇ ਤੇ ਬੇਬੁਨਿਆਦ ਹਨ।

# ਕਾਲੜਾ ਪਰਿਵਾਰ ਨੂੰ ਸਦਮਾ, ਮਾਤਾ ਉਰਮਿਲਾ ਰਾਣੀ ਦਾ ਦੇਹਾਂਤ

**ਫਿਲੌਰ/ਅੱਪਰਾ, (ਦੀਪਾ)**-ਅੱਪਰਾ ਦੇ ਉੱਘੇ ਕਾਰੋਬਾਰੀ ਕਾਲੜਾ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਬੀਤੇ ਦਿਨ ਉਨਾਂ ਦੇ ਮਾਤਾ ਉਰਮਿਲਾ ਰਾਣੀ ਪਤਨੀ ਸੁਭਾਸ਼ ਕਾਲੜਾ ਪੂਰੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਙ ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਹਨ ਙ ਉਨਾਂ ਦੀ ਮੌਤ 'ਤੇ ਇਲ-ਾਕੇ ਭਰ ਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਸਮਾਜ ਸੈਵੀ ਸੰਸਥਾਵਾਂ, ਸਵਰਨਕਾਰ ਸੰਘ



ਅੱਪਰਾ ਦੇ ਸਮੂਹ ਅਹੁਦੇਦਾਰਾਂ, ਪ੍ਰੈੱਸ ਕਲੱਬ ਅੱਪਰਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾ ਤੇ ਇਲਾਕੇ ਭਰ ਦੇ ਪੰਚਾਂ-ਸਰਪੰਚਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਮੁੱਖ ਮੰਤਰੀ ਨੇ ਐਸਐਚਓ ਡੇਰਾਬੱਸੀ ਸੁਮਿਤ ਮੋਰ ਨੂੰ ਦਿੱਤਾ ਬਹਾਦਰੀ ਪੁਰਸਕਾਰ

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** 26 ਜਨਵਰੀ ਨੂੰ ਹੁਸ਼ਿਆਰਪੁਰ ਵਿਖੇ ਹੋਏ ਸੂਬਾ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਡੇਰਾਬੱਸੀ ਦੇ ਥਾਣਾ ਇੰਚਾਰਜ ਇੰਸਪੈਕਟਰ ਸੁਮਿਤ ਮੋਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। 26 ਜਨਵਰੀ ਨੂੰ ਦਿੱਤੇ ਜਾਣ ਵਾਲੇ ਤਿੰਨ ਬਹਾਦਰੀ ਪੁਰਸਕਾਰਾਂ ਵਿੱਚ ਇੱਕ ਪੁਰਸਕਾਰ ਡੇਰਾਬੱਸੀ ਦੇ ਐਸਐਚ ਓ ਸਮਿਤ ਮੋਰ ਨੂੰ ਮਿਲਿਆ ਲ ਹਰਿਆਣਾ ਦੇ ਪਿੰਡ ਬਾਸ, ਜ਼ਿਲ੍ਹਾ ਹਾਸੀ ਨਾਲ ਸੰਬੰਧਿਤ ਸੁਮਿਤ ਮੋਰ 4 ਮਾਰਚ 2014 ਨੂੰ ਪੰਜਾਬ ਪੁਲਿਸ ਵਿੱਚ ਭਰਤੀ ਹੋਏ। ਤਿੰਨ ਸਾਲਾਂ ਦੀ ਟ੍ਰੇਨਿੰਗ ਪੂਰੀ ਕਰਨ ਤੋਂ ਬਾਅਦ, 2017 ਵਿੱਚ ਉਹ ਪਹਿਲੀ ਵਾਰ ਡੇਰਾਬੱਸੀ ਸਬ-ਡਿਵੀਜ਼ਨ ਦੇ ਲਾਲੜੂ ਥਾਣੇ ਵਿੱਚ ਅਡੀਸ਼ਨਲ ਐਸਐਚਓ ਵਜੋਂ ਨਿਯੁਕਤ ਹੋਏ, ਜਿੱਥੇ ਉਨ੍ਹਾਂ ਨੇ ਲਗਭਗ ਇੱਕ ਸਾਲ ਤੱਕ ਸੇਵਾਵਾਂ ਨਿਭਾਈਆਂ। ਇਸ ਤੋਂ ਬਾਅਦ ਉਹ ਸੀਟੀ ਖਰੜ



ਚੌਂਕੀ ਇੰਚਾਰਜ, ਮੋਹਾਲੀ ਦੇ 8ਭ ਫੇਜ਼-01, ਢਕੋਲੀ, ਰੋਪੜ ਸਮੇਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਾਇਨਾਤ ਰਹੇ ਅਤੇ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਆਪਣੀ ਸੇਵਾ ਦੌਰਾਨ ਉਨ੍ਹਾਂ ਨੂੰ ਇਸ ਸਨਮਾਨ ਤੋਂ ਪਹਿਲਾਂ ਵੀ ਡੀਜੀਪੀ ਪੰਜਾਬ ਵੱਲੋਂ ਪੰਜ ਵਾਰ ਡੀਜੀਪੀ ਡਿਸਕ, ਆਈਜੀ ਸਾਹਿਬ ਵੱਲੋਂ ਪ੍ਰਮਾਣ ਪੱਤਰ ਸਮੇਤ ਕਈ ਹੋਰ ਇਨਾਮਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਮੌਜੂਦਾ ਸਮੇਂ ਵਿੱਚ ਐਸਐਚਓ ਸੁਮਿਤ ਮੋਰ ਪਿਛਲੇ ਦਸ ਮਹੀਨਿਆਂ ਤੋਂ ਡੇਰਾਬੱਸੀ ਥਾਣੇ ਵਿੱਚ ਬਤੌਰ ਐਸਐਚਓ ਦੇ ਤੌਰ ‘ਤੇ ਆਪਣੀਆਂ ਜ਼ਿੰਮੇਵਾਰੀਆਂ ਬਖ਼ੂਬੀ ਨਿਭਾ ਰਹੇ ਹਨ। ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਮੌਜੂਦਾ ਸਰਕਾਰ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਦੇ ਇਲ-ਾਕੇ ਦੇ ਐਸਐਚਓ ਸੁਮਿਤ ਮੋਰ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਪਣੇ ਲੰਮੇ ਸਿਆਸੀ ਜੀਵਨ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਐਸਐਚਓ ਦੀ ਕਾਰਗੁਜ਼ਾਰੀ ਇੰਨੀ ਪ੍ਰਭਾਵਸ਼ਾਲੀ ਅਤੇ ਇਨਸਾਫ਼ਪੂਰਕ ਰਹੀ ਹੈ। ਜਦੋਂ ਤੋਂ ਐਸਐਚਓ ਸੁਮਿਤ ਮੋਰ ਦੀ ਡਿਊਟੀ ਡੇਰਾਬੱਸੀ ਵਿੱਚ ਲੱਗੀ ਹੈ, ਹਲਕੇ ਵਿੱਚ ਪੂਰੀ ਤਰ੍ਹਾਂ ਸ਼ਾਂਤੀ ਬਣੀ ਹੋਈ ਹੈ ਅਤੇ ਹਰ ਵਰਗ ਦੇ ਨਾਗਰਿਕ ਨੂੰ ਇਨਸਾਫ਼ ਮਿਲ ਰਿਹਾ ਹੈ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਇੰਗਲੈਂਡ 'ਚ ਸ਼ਰਧਾ ਨਾਲ ਮਨਾਇਆ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਖ਼ਾਲਸਾ ਪੰਥ ਦੇ ਮਹਾਨ ਸ਼ਹੀਦ, ਧਰਮ ਅਤੇ ਕੌਮ ਦੀ ਰੱਖਿਆ ਲਈ ਅਦੁੱਤੀ ਬਲਿਦਾਨ ਦੇਣ ਵਾਲੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਮੌਕੇ 'ਤੇ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਥਿਤ ਗੁਰਦੁਆਰਾ ਸਾਹਿਬਾਨ ਵਿੱਚ ਵਿਸ਼ਾਲ ਧਾਰਮਿਕ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਗੁਰੂ ਚਰਨਾਂ ਵਿੱਚ ਹਾਜ਼ਰੀ ਭਰੀ ਗਈ। ਲੈਸਟਰ, ਲੰਡਨ, ਬਰਮਿੰਘਮ, ਕੋਵੈਂਟਰੀ, ਸਲਾਊ, ਗਰੇਵਜ਼ਐਂਡ ਅਤੇ ਹੋਰ ਸ਼ਹਿਰਾਂ ਦੇ ਗੁਰਦੁਆਰਾ ਸਾਹਿਬਾਨ ਵਿੱਚ ਸਵੇਰ ਤੋਂ ਹੀ ਗੁਰੂ ਘਰਾਂ ਦੀ ਰੌਣਕ ਬਣੀ ਰਹੀ। ਸ੍ਰੀ ਆਖੰਡ ਪਾਠ ਸਾਹਿਬਾਂ ਦੇ ਭੋਗ ਪਾਏ ਗਏ ਅਤੇ ਉਪਰਾਂਤ ਗੁਰਬਾਣੀ ਕੀਰਤਨ ਦਰਬਾਰ ਸਜਾਏ ਗਏ। ਕੀਰਤਨੀਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ, ਤਿਆਗ ਅਤੇ ਅਟੱਲ ਸ਼ਰਧਾ ਨੂੰ ਗੁਰਬਾਣੀ ਰਾਹੀਂ ਸੰਗਤ ਸਾਹਮਣੇ ਰੱਖਿਆ। ਕਥਾਵਾਚਕਾਂ ਵੱਲੋਂ ਕੀਤੀ ਗਈ ਕਥਾ ਦੌਰਾਨ ਬਾਬਾ ਦੀਪ ਸਿੰਘ ਜੀ ਦੇ ਜੀਵਨ, ਉਨ੍ਹਾਂ ਦੀ ਗੁਰੂ



**ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾਉਂਦੇ ਹੋਇਆ ਢਾਡੀ ਜੱਥਾ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਘਰ ਨਾਲ ਅਟੁੱਟ ਨਿਸ਼ਠਾ ਅਤੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਦਿੱਤੀ ਗਈ ਅਮਰ ਸ਼ਹਾਦਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਕਥਾਵਾਂ ਦੌਰਾਨ ਕਿਹਾ ਗਿਆ ਕਿ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਦਾ ਉਹ ਸੁਨਹਿਰਾ ਅਧਿਆਇ ਹੈ, ਜੋ ਹਰ ਸਿੱਖ ਨੂੰ ਅਟੱਲ ਹੌਸਲੇ, ਸੱਚ ਅਤੇ ਧਰਮ ਦੇ ਰਸਤੇ 'ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ। ਸਮਾਗਮਾਂ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਥਾਨਕ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਸਿੱਖਿਆ ਲੈ ਕੇ ਨੌਜਵਾਨ ਪੀੜ੍ਹੀ ਨੂੰ ਆਪਣੀ ਕੌਮੀ ਅਤੇ ਧਾਰਮਿਕ ਪਛਾਣ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬਾਨ ਦੇ ਦਰਸਾਏ ਰਸਤੇ 'ਤੇ ਤੁਰਦਿਆਂ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਜਾਵੇ। ਧਾਰਮਿਕ ਸਮਾਗਮਾਂ ਮੌਕੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ, ਜਿਸ ਵਿੱਚ ਹਰ ਵਰਗ ਦੇ ਲੋਕਾਂ ਨੇ ਬੈਠ ਕੇ ਪ੍ਰਸਾਦ ਛਕਿਆ। ਲੰਗਰ ਸੇਵਾ ਦੌਰਾਨ ਸੇਵਾਦਾਰਾਂ ਵੱਲੋਂ ਪੂਰੀ ਨਿਮਰਤਾ ਅਤੇ ਸ਼ਰਧਾ ਨਾਲ ਸੇਵਾ ਨਿਭਾਈ ਗਈ। ਸਮੂਹ ਸਮਾਗਮ ਸ਼ਾਂਤੀਪੂਰਕ ਅਤੇ ਗੁਰਮਤਿ ਮਰਯਾਦਾ ਅਨੁਸਾਰ ਸੰਪੰਨ ਹੋਏ। ਸੰਗਤਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਦਿਆਂ ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।

# ਕਲਮ ਅਤੇ ਕਿਰਪਾਨ ਦੇ ਧਨੀ ਸਨ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਧਰਮ ਪ੍ਰਤੀ ਦ੍ਰਿੜ੍ਹਤਾ ਦੀ ਪ੍ਰੇਰਨਾ ਲੈਣ ਦੀ ਲੋੜ - ਸੰਤ ਗਿਆਨੀ ਅਮੀਰ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਨਿੰਨ ਸਿੱਖ ਸ਼ਰਧਾਲੂ, ਭਗਤੀ ਤੇ ਸ਼ਕਤੀ ਦੀ ਪ੍ਰਤੱਖ ਮੂਰਤ, ਸੂਰਬੀਰ ਯੋਧੇ, ਨਿਧੜਕ ਜਰਨੈਲ, ਕਥਨੀ ਤੇ ਕਰਨੀ ਦੇ ਪੂਰੇ, ਬ੍ਰਹਮ-ਗਿਆਨੀ, ਬਚਨਾਂ ਦੇ ਪੂਰੇ ਇੱਜ਼ਤ ਦੇ ਰਖਵਾਲੇ, ਪਰਪੱਕ ਨਿੱਤਨੇਮੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਦੇ ਸੰਬੰਧ 'ਚ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਜੇ ਸਮਾਗਮ ਵਿੱਚ ਸੰਤ ਗਿਆਨੀ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਦੇ ਸੰਬੰਧ 'ਚ ਜੁੜੀਆਂ ਸੰਗਤਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਗੁਰੂ ਪ੍ਰਤੀ ਦ੍ਰਿੜ੍ਹਤਾ ਵਿਖੇ 'ਤੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਉਨ੍ਹਾਂ ਸੋਲ੍ਹਾਂ ਸਾਲ ਦੀ ਉਮਰ ਵਿੱਚ ਆਪਣੇ ਮਾਤਾ ਪਿਤਾ ਸਮੇਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਖੰਡੇ ਬਾਟੇ ਦੀ ਪਾਹੁਲ ਛਕੀ। ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਨਰ ਸੰਪਾਦਨ ਵਾਲੇ ਦਸਮ ਪਾਤਸ਼ਾਹ ਜੀ ਦੇ ਹੁਕਮ ਨਾਲ ਆਪ ਜੀ ਨੇ



ਭਾਈ ਮਨੀ ਸਿੰਘ ਜੀ ਨਾਲ ਲਿਖਾਰੀ ਵਜੋਂ ਸੇਵਾ ਨਿਭਾਈ। ਬਾਬਾ ਦੀਪ ਸਿੰਘ ਜੀ ਨੇ ਚਾਰ ਸਰੂਪ ਪੰਜਾਬੀ ਤੇ ਇੱਕ ਸਰੂਪ ਅਰਬੀ ਵਿੱਚ ਲਿਖਣ ਦੀ ਸੇਵਾ ਨਿਭਾਈ। ਆਪ ਜੀ ਵੱਲੋਂ ਕੀਤੀ ਸੇਵਾ ਵਾਲੇ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਸ਼ੋਭਿਤ ਹਨ। ਆਪ ਜੀ ਕਲਮ ਅਤੇ ਕਿਰਪਾਨ ਦੇ ਧਨੀ ਸਨ। ਮਿਸਲਾਂ ਦੀ ਸਥਾਪਨਾ ਵੇਲੇ ਆਪ ਮਿਸਲ ਸ਼ਹੀਦਾਂ ਦੇ ਮੁਖੀ ਬਣੇ। ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਮਿਲ ਕੇ ਸਰਹਿੰਦ ਅਤੇ ਸੰਢੋਰਾ ਨੂੰ ਮੁਗਲਾਂ ਦੇ ਅੱਤਿਆਚਾਰ ਤੋਂ ਮੁਕਤ ਕਰਵਾਇਆ। ਅਹਿਮਦ ਸ਼ਾਹ ਅਬਦਾਲੀ ਨੇ ਜਦ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਚੜ੍ਹਾਈ ਕੀਤੀ ਤਾਂ ਉਸਦਾ ਜਬਾਬ ਦੇਣ ਲਈ ਬਾਬਾ ਜੀ ਤਲਵੰਡੀ ਸਾਬੋ ਦੇ ਸਥਾਨ ਤੋਂ ਹਜ਼ਾਰਾਂ ਸਿੱਖਾਂ ਦੀ ਅਗਵਾਈ ਕਰਦਿਆਂ ਹੋਏ ਸ੍ਰੀ ਹਰਿਮੰਦਰ ਸਾਹਿਬ ਵੱਲ ਰਵਾਨਾ ਹੋਏ। ਬਾਬਾ ਜੀ ਉਸ ਯੁੱਧ ਵਿੱਚ ਸੀਸ ਤਲੀ ਤੇ ਰੱਖ ਕੇ ਜੂਝੇ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਾਣ-ਮਰਿਆਦਾ ਨੂੰ ਬਰਕਰਾਰ ਰੱਖਦੇ ਹੋਏ ਪ੍ਰਕਰਮਾ ਵਿੱਚ ਸੀਸ ਭੇਟ ਕੀਤਾ। ਮਹਾਂਪੁਰਸ਼ਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਕੌਮ ਸਨਮੁਖ ਅਜੋਕੀਆਂ ਮੁਸ਼ਕਲਾਂ ਤੇ ਚਣੌਤੀਆਂ ਦੇ ਮੱਦੇਨਜ਼ਰ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਧਰਮ ਪ੍ਰਤੀ ਦ੍ਰਿੜ੍ਹਤਾ ਦੀ ਪ੍ਰੇਰਨਾ ਲੈਣ ਦੀ ਲੋੜ ਹੈ।

# ਪੀਐੱਸਪੀਸੀਐਲ ਰਾਏਕੋਟ ਸਬ-ਡਿਵੀਜ਼ਨ 'ਚ ਡਿਊਟੀ ਪ੍ਰਬੰਧਾਂ 'ਤੇ ਸਵਾਲ, ਖਪਤਕਾਰਾਂ ਵੱਲੋਂ ਸ਼ਿਕਾਇਤਾਂ

**ਰਾਏਕੋਟ (ਲੁਧਿਆਣਾ)** ਪੀਐੱਸਪੀਸੀਐਲ ਸਬ-ਡਿਵੀਜ਼ਨ ਰਾਏਕੋਟ ਵਿਖੇ ਟੈਲੀਪਰਫਾਰਮੈਂਸ ਕੰਪਨੀ ਦੇ ਅਧੀਨ ਤੈਨਾਤ ਇੱਕ ਕੰਪਿਊਟਰ ਓਪਰੇਟਰ ਦੀ ਡਿਊਟੀ ਕਾਰਗੁਜ਼ਾਰੀ ਨੂੰ ਲੈ ਕੇ ਖਪਤਕਾਰਾਂ ਵੱਲੋਂ ਗੰਭੀਰ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਖਪਤਕਾਰਾਂ ਦਾ ਕਹਿਣਾ ਹੈ ਕਿ ਸਬੰਧਤ ਕਰਮਚਾਰੀ ਹਫ਼ਤਿਆਂ ਤੱਕ ਬਿਨਾਂ ਕਿਸੇ ਲਿਖਤੀ ਛੁੱਟੀ ਅਰਜ਼ੀ ਦੇ ਡਿਊਟੀ ਤੋਂ ਗੈਰਹਾਜ਼ਰ ਰਹਿੰਦੀ ਹੈ ਅਤੇ ਆਪਣੀ ਮਰਜ਼ੀ ਅਨੁਸਾਰ ਦਫ਼ਤਰ ਆਉਂਦੀ-ਜਾਂਦੀ ਹੈ।

ਸ਼ਿਕਾਇਤਕਰਤਾਵਾਂ ਅਨੁਸਾਰ, ਦਫ਼ਤਰ ਵਿੱਚ ਹਾਜ਼ਰੀ ਦਰਜ ਕਰਵਾ ਕੇ ਵੀ ਕਈ ਵਾਰ ਉਹ ਡਿਊਟੀ 'ਤੇ ਮੌਜੂਦ ਨਹੀਂ ਹੁੰਦੀ, ਖ਼ਾਸ ਕਰਕੇ ਹਰ ਸ਼ਨੀਵਾਰ ਦੀ



ਹਾਜ਼ਰੀ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ। ਖਪਤਕਾਰਾਂ ਦਾ ਦੋਸ਼ ਹੈ ਕਿ ਪੂਰੇ ਦਿਨ ਦੀ ਮਿਹਨਤ ਦੀ ਤਨਖ਼ਾਹ ਲਈ ਜਾਂਦੀ ਹੈ, ਪਰ ਸੇਵਾਵਾਂ ਉਸ ਪੱਧਰ 'ਤੇ ਉਪਲਬਧ ਨਹੀਂ ਹੁੰਦੀਆਂ। ਖਪਤਕਾਰਾਂ ਨੇ ਇਹ ਵੀ ਦੱਸਿਆ ਕਿ ਕਰਮਚਾਰੀ ਅਕਸਰ ਸਵੇਰੇ ਕਰੀਬ 10 ਵਜੇ ਦਫ਼ਤਰ ਪਹੁੰਚਦੀ ਹੈ ਅਤੇ ਕਈ ਵਾਰ ਆਪਣੀ ਗੋਦ ਲਈ ਬੇਟੀ ਨੂੰ ਵੀ ਦਫ਼ਤਰ ਲੈ ਆਉਂਦੀ ਹੈ, ਜਿਸ ਕਾਰਨ ਦਫ਼ਤਰ ਦੇ ਕੰਮ ਪ੍ਰਭਾਵਿਤ ਹੁੰਦੇ ਹਨ। ਇਸ ਨਾਲ




ਬਿੱਲਿੰਗ, ਸ਼ਿਕਾਇਤ ਨਿਵਾਰਨ ਅਤੇ ਹੋਰ ਜ਼ਰੂਰੀ ਕੰਮਾਂ ਲਈ ਆਉਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਖਪਤਕਾਰਾਂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਮਿਤੀ 20 ਜਨਵਰੀ 2026 ਨੂੰ ਡਿਊਟੀ ਸਮੇਂ ਦੌਰਾਨ ਕਰਮਚਾਰੀ ਆਪਣੀ ਬੇਟੀ ਨੂੰ ਸਟ੍ਰੋਲਰ ਵਿੱਚ ਬਿਠਾ ਕੇ ਸੰਭਾਲ ਰਹੀ ਸੀ ਅਤੇ ਉਸ ਨਾਲ ਖੇਡਣ ਵਿੱਚ ਵਿਅਸਤ ਰਹੀ, ਜਦਕਿ ਦਫ਼ਤਰਕਾਰੀ ਕੰਮ ਪ੍ਰਭਾਵਿਤ ਹੋ ਰਿਹਾ ਸੀ। ਖਪਤਕਾਰਾਂ ਦਾ ਕਹਿਣਾ ਹੈ ਕਿ ਇਸ ਦੌਰਾਨ ਉਨ੍ਹਾਂ ਨਾਲ ਸਲੂਕ ਵੀ ਸੰਤੋਸ਼ਜਨਕ ਨਹੀਂ ਸੀ। ਇਸ ਮਾਮਲੇ ਸਬੰਧੀ ਖਪਤਕਾਰਾਂ ਨੇ ਮੰਗ ਕੀਤੀ ਹੈ ਕਿ ਪੀਐੱਸਪੀਸੀਐਲ ਪ੍ਰਬੰਧਨ ਅਤੇ ਸੰਬੰਧਤ ਔਟਸੋਰਸਿੰਗ ਕੰਪਨੀ ਵੱਲੋਂ ਤੱਥਾਂ ਦੀ ਜਾਂਚ ਕਰਕੇ ਉਚਿਤ ਕਾਰਵਾਈ ਕੀਤੀ ਜਾਵੇ, ਤਾਂ ਜੋ ਲੋਕਾਂ ਨੂੰ ਬਿਜਲੀ ਸੇਵਾਵਾਂ ਸਬੰਧੀ ਬਿਨਾਂ ਰੁਕਾਵਟ ਸਹੂਲਤ ਮਿਲ ਸਕੇ।

## ਅਪਣਾ ਸਿਰ ਆਪੇ ਹੀ ਗੁੰਦੋ

ਚੀਨੀ ਡੋਰ ਤਾਂ ਗੱਲ ਪੁਰਾਣੀ ਹੋ ਗਈ ਏ ,
ਹੁਣ ਤਾਂ ਮੈਂ ਸੁਣਿਆਂ ਏਂ ਲੋਕਲ ਵੀ ਬਣ ਜਾਂਦੀ ਐ।
ਪ੍ਰਸ਼ਾਸਨ ਦੀ ਕੋਈ ਤਾਂ ਮਜ਼ਬੂਰੀ ਹੋਊਗੀ ,
ਜਾਂ ਫ਼ਿਰ ਸਾਰਿਆਂ ਦੀ ਮਿਲ ਕੇ ਬਣਦੀ ਚਾਂਦੀ ਐ।
ਸਾਰੇ ਹੀ ਪਿੰਡ ਨੇ ਇਕੱਠ ਕਰ ਲਿਆ ਲੋਕਾਂ ਦਾ ,
ਆਖਣ ਅਪਣਾ ਸਿਰ ਆਪੇ ਹੀ ਗੁੰਦਣਾਂ ਪਊਗਾ :
ਰੋਕ ਲਾ ਦਿੱਤੀ ਪਤੰਗਾਂ 'ਤੇ ਪੰਚਾਇਤਾਂ ਨੇ ਹੀ ,
ਆਖ਼ਰ ਕੰਮ ਘਰ ਦੀ ਸਰਕਾਰ ਹੀ ਆਉਂਦੀ ਐ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## 'ਅੱਖਰ'

ਅਸੀਂ ਸਦਾ ਕਦਰਾਂ ਕੀਤੀਆਂ,
ਉਹਨਾਂ ਵਰਤ ਕੇ ਛੱਡ ਦਿੱਤਾ,
ਬਹੁਤ ਹੀ ਚਲਾਕ ਸੀ ਸੱਜਣ,
ਸਮਝ ਨੀਂ ਸਕੇ ਰਣਨੀਤੀਆਂ,

ਕਹਿਰ ਕਰ ਗਏ ਚਿੱਟੇ ਦਿਨ,
ਅਸਾਂ ਹੱਸ ਕੇ ਦਿਲ ਤੋਂ ਲਾਈ,
ਮੋੜ ਗਈ ਵਿੱਚ ਚੌਂਕ ਦੇ ਉਹ,
ਦਿੱਤੀ ਨਿਸ਼ਾਨੀ ਪਿਆਰ ਤਵੀਤੀਆਂ,

ਉੱਚੇ ਹੋ ਗਏ ਉਚਿਆਂ ਨਾਲ ਲਾ,
ਰੋਣਾ ਤਾਂ ਮੇਰੇ ਹਿੱਸੇ ਆਉਣਾ ਸੀ,
ਬਫ਼ਾ ਮੇਰੀ ਮੇਰੇ ਤੋਂ ਲੈ ਗਈ ਉਹ,
ਬੇਵਫ਼ਾ ਦੀ ਮੇਰੇ ਲਾ ਗਏ ਫ਼ੀਤੀਆਂ,

ਖੋਰੇ ਕਿੰਝ ਐਨਾਂ ਹੌਸਲਾ ਕਰ ਲਿਆ,
ਜੋ ਪੈਰ ਨੂੰ ਪਿੱਛੇ ਨੂੰ ਉਸ ਧਰ ਲਿਆ,
ਪਿੰਦੂ ਨੇ ਕੀ ਅੱਖਰ ਦੋ ਲਿਖਣੇ ਨੇਂ,
ਰਾਹੋਂ ਵਾਲੇ ਨੇ ਲਾਈਨਾ ਗਮਾਂ ਦੀਆਂ ਉਲੀਕੀਆਂ,



**ਪਿੰਦੂ ਰਾਹੋਂ(ਨਵਾਂ ਸ਼ਹਿਰ)**
**+917710556211**

## 'ਮਾ. ਤਾਰਾ ਸਿੰਘ ਬਨਾਮ ਡਾ.ਅੰਬੇਡਕਰ'

ਮਾ. ਤਾਰਾ ਸਿੰਘ ਸੀ *ਵਿਹਿਪ' ਦੇ ਮੋਢੀਆਂ ਚੋਂ,

ਇਹ ਅੰਦਰੋਂ ਪੱਕਾ 'ਹਿੰਦੂ' ਤੇ 'ਸਿੱਖ ਪ੍ਰਧਾਨ' ਲੋਕੋ।

ਕਹਿੰਦਾ "ਹਮਨੇ ਹਿੰਦੂ ਧਰਮ ਕੋ ਕਵੀ ਨਹੀਂ ਛੋੜਾ"

ਇਹ ਤਾਰਾ ਸਿੰਘ ਦਾ ਸੀ ਆਪਣਾ ਬਿਆਨ ਲੋਕੋ।

ਖੁੱਲਕੇ 'ਅੰਬੇਡਕਰ' ਦੀ ਕੀਤੀ ਨਾ ਸਪੋਟ ਇਸਨੇ,

ਜਦ ਉਹ ਸਿੱਖੀ ਵਿੱਚ ਲੱਗਾ ਸੀ ਆਣ ਲੋਕੋ।

ਖ਼ਤ ਖੂਨ ਨਾਲ ਲਿਖਕੇ ਦਿੱਤੀਆਂ ਧਮਕੀਆਂ ਤੇ,

ਮਾ. ਤਾਰਾ ਸਿੰਘ ਨੇ ਨਾ ਖੋਲ੍ਹੀ ਜ਼ੁਬਾਨ ਲੋਕੋ।

ਧਮਕੀਆਂ ਦੇਣ ਵਾਲਿਆਂ ਨੂੰ ਨਾ ਖ਼ਬਰਦਾਰ ਕੀਤਾ,

ਨਾ ਦਲਿਤਾਂ ਦੀ ਰਾਖੀ ਦਾ ਕੀਤਾ ਐਲਾਨ ਲੋਕੋ।

ਵੱਡੀ ਗਿਣਤੀ 'ਚ ਦਲਿਤਾਂ ਦਾ ਸਿੱਖ ਬਣਨਾ,

ਸ਼ਾਇਦ ਅੰਦਰੋਂ ਨਹੀਂ ਸੀ ਇਸਨੂੰ ਪ੍ਰਵਾਨ ਲੋਕੋ।

ਦੂਜਾ ਜ਼ਾਤ ਦੇ ਆਧਾਰ ਤੇ ਰਿਜ਼ਰਵੇਸ਼ਨ ਦਿਵਾ ਕੇ,

ਸਿੱਖੀ ਵਿੱਚ 'ਜ਼ਾਤ' ਨੂੰ ਮਾਨਤਾ ਦਿਵਾ ਗਿਆ ਜੀ।

ਜਿਸਨੂੰ ਖ਼ਤਮ ਕਰਨ ਲਈ ਗੁਰੂਆਂ ਜ਼ੋਰ ਲਾਇਆ,

'ਮੇਜਰ' ਇਹ 'ਜ਼ਾਤ' ਸਿੱਖੀ 'ਚ ਪੱਕੀ ਕਰਾ ਗਿਆ ਜੀ।



**ਮੇਜਰ ਸਿੰਘ ਬੁਢਲਾਡਾ**
**94176 42327**

## ਪਾਰਕ ਨੂੰ ਚੱਲੀਏ

ਆਜੋ ਵੀਰ ਜੀ ਪਾਰਕ ਨੂੰ ਚੱਲੀਏ,
ਆਪਣਾ ਮਨ ਪਸੰਦ ਝੂਲਾ ਮੱਲੀਏ।
ਦਿਨ ਐਤਵਾਰ ਦੀ ਛੁੱਟੀ ਹੈ ਅੱਜ,
ਜਲਦੀ ਪਹੁੰਚੀਏ ਥੋੜ੍ਹਾ ਵੀਰੇ ਭੱਜ।
ਚੁਸਤ ਦੋਨੋਂ ਨੇ ਈਸਟਾ, ਏਕਵੀਰਾ,
ਵੇਖਕੇ ਹੋਵੇਗਾ ਤੂੰ ਫੇਰ ਦੂਰ੍ਹਾ ਤੀਰਾ।
ਝੂਲਾ ਰੋਕ ਲੈਣਾ ਮੈਂ ਪੀਂਘ ਵਾਲਾ,
ਰੋਜ਼ ਬੈਠਦੀ ਹੈ ਜਿਸ ਉੱਤੇ ਮਾਲਾ।
ਮੋਹੀ ਕਹਿੰਦਾ ਭੈਣੇ ਸੁਣ ਮੇਰੀ ਗੱਲ,
ਮੈਂ ਤਾਂ ਜਾਊਂਗਾ ਸਿੱਧਾ ਰੱਸੇ ਵੱਲ।
ਜਿੰਨਾਂ ਚਿਰ ਮੇਰਾ ਕੱਦ ਨੀਂ ਵੱਧਦਾ,
ਮੈਂ ਰੱਸੇ ਦਾ ਖਹਿੜਾ ਨਹੀਂ ਛੱਡਦਾ।
ਪਹਿਲਾਂ ਪੁੱਜ ਗਏ ਦੋਨੋਂ ਭੈਣਭਰਾ,
ਯਾਰ ਪਿੱਛੇ ਛੱਡ ਕੇ ਦਿੱਤੇ ਨੇ ਹਰਾਂ।
ਰੱਜ ਕੇ ਝੂਟੇ ਲਏ ਬੜੀ ਹੀ ਵਾਰੀ।
ਛੁੱਟੀ ਲੰਘੀ ਗਈ ਖੁਸ਼ੀ 'ਚ ਸਾਰੀ।
'ਚਮਨ' ਪਾਰਕ ਨੂੰ ਹਰ ਰੋਜ਼ ਜਾਓ,
ਸਰੀਰ ਨੂੰ ਬਿਮਾਰੀਆਂ ਤੋਂ ਬਚਾਓ।



**ਚਮਨਦੀਪ ਸ਼ਰਮਾ**
**95010 33005**



# "ਅਕਾਲੀ ਦਲ ਵਾਰਿਸ ਪੰਜਾਬ ਦੇ" ਦੇ ਸੀਨੀਅਰ ਆਗੂ ਜਸਵੰਤ ਸਿੰਘ ਚੀਮਾ ਉੱਪਰ ਫਾਇਰਿੰਗ ਦੀ ਘਟਨਾ ਦੀ ਪਾਰਟੀ ਆਗੂਆਂ ਨੇ ਕੀਤੀ ਸਖਤ ਨਿੰਦਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਨੀਵਾਰ ਦੀ ਸ਼ਾਮ ਦੋਰਾਹਾ ਤੋਂ ਖੰਨਾ ਵੱਲ ਨੂੰ ਜਾ ਰਹੇ "ਅਕਾਲੀ ਦਲ ਵਾਰਸ ਪੰਜਾਬ ਦੇ" ਦੇ ਸੀਨੀਅਰ ਆਗੂ ਜਸਵੰਤ ਸਿੰਘ ਚੀਮਾ ਦੀ ਗੱਡੀ ਉੱਪਰ ਗੁਲਥੜੀ ਪਲ ਤੇ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਕਤੀਆਂ ਵੱਲੋਂ ਫਾਇਰਿੰਗ ਕਰਨ ਦੀ ਘਟਨਾ ਦੀ ਪਾਰਟੀ ਦੇ ਸੀਨੀਅਰ ਨੂੰ ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਪਾਰਟੀ ਆਗੂਆਂ, ਰਾਜੀਵ ਕੁਮਾਰ ਲਵਲੀ, ਪ੍ਰਿਥੀਪਾਲ ਸਿੰਘ ਬਟਾਲਾ, ਸੰਦੀਪ ਸਿੰਘ ਰੁਪਾਲੋਂ, ਇੰਦਰਜੀਤ ਸਿੰਘ ਐਡਵੋਕੇਟ, ਜਸਬੀਰ ਸਿੰਘ ਲੁਧਿਆਣਾ ਨੇ ਇਸ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਸ਼ਨੀਵਾਰ ਦੀ ਸ਼ਾਮ ਕਰੀਬ 7 ਵਜੇ ਜਸਵੰਤ ਸਿੰਘ ਚੀਮਾ ਦੋਰਾਹਾ ਤੋਂ ਖੰਨਾ ਵੱਲ ਨੂੰ ਜਾ ਰਹੇ ਸਨ ਕਿ ਗੁਰਥੜੀ ਦੇ ਪੁੱਲ ਦੇ ਕੋਲ ਇਹ ਹਮਲਾ ਹੋਇਆ। ਹਾਲਾਂਕਿ ਗੋਲੀ ਕਾਰ ਦੇ ਪਿਛਲੇ ਦਰਵਾਜ਼ੇ 'ਚ ਲੱਗਣ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਲੇਕਿਨ ਇਸ ਹਮਲੇ ਨੇ ਕਾਨੂੰਨ ਅਤੇ ਵਿਵਸਥਾ ਨੂੰ ਕੰਟਰੋਲ ਕਰਨ ਵਿੱਚ ਸਰਕਾਰ ਦੀ ਨਾਕਾਮਯਾਬੀ ਨੂੰ ਇੱਕ ਵਾਰ ਫਿਰ ਤੋਂ ਸਾਹਮਣੇ ਲਿਆ ਦਿੱਤਾ ਹੈ। ਪਾਰਟੀ ਆਗੂਆਂ ਨੇ ਹਮਲੇ ਦੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਨ ਅਤੇ ਕਾਨੂੰਨ ਤੇ ਵਿਵਸਥਾ ਨੂੰ ਕੰਟਰੋਲ ਕਰਨ ਸੰਬੰਧੀ ਮੰਗ ਕੀਤੀ ਹੈ। ਉਹਨਾਂ ਨੇ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਉਹ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਵਿੱਚ ਸਰਕਾਰ ਦੇ ਨਾਲ ਹਨ, ਲੇਕਿਨ ਅਪਰਾਧੀਆਂ ਉੱਪਰ ਨੁਕੇਲ ਕੱਸਣਾ ਵੀ ਸਰਕਾਰ ਦੀ ਜਿੰਮੇਵਾਰੀ ਹੈ। ਜੇਕਰ ਸਰਕਾਰ ਨੇ ਉਕਤ ਮਾਮਲੇ ਵਿੱਚ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਨਾ ਕੀਤੀ, ਤਾਂ ਆਉਂਦੇ ਦਿਨਾਂ ਦੌਰਾਨ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਅੱਜ ਹੋਵੇਗਾ ਜ਼ਿਲ੍ਹੇ ਵਿੱਚ ਸਿੱਖਿਆ ਵਿਭਾਗ ਦੁਆਰਾ ਦਾਖਲਾ ਮੁਹਿੰਮ 2026-27 ਦਾ ਆਗਾਜ਼

## ਸਰਕਾਰੀ ਐਲੀਮੈਂਟਰੀ ਸਕੂਲ ਮਨਸੂਰਵਾਲ ਦੋਨਾਂ ਤੋਂ ਰਵਾਨਾ ਹੋਵੇਗੀ ਦਾਖ਼ਲਾ ਕੰਪੇਨ ਵੈਨ

**ਕਪੂਰਥਲਾ, (ਕੌੜਾ)–** ਸਿੱਖਿਆ ਵਿਭਾਗ ਪੰਜਾਬ ਦੁਆਰਾ ਪੰਜਾਬ ਸਿੱਖਿਆ ਕ੍ਰਾਂਤੀ, ਦਾਖਲਾ ਮੁਹਿੰਮ 2026-27 ਤਹਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਸ੍ਰੀਮਤੀ ਮਮਤਾ ਬਜਾਜ, ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ,ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਕਪੂਰਥਲਾ ਤੋਂ ਦਾਖਲਾ ਮੁਹਿੰਮ ਦਾ ਆਗਾਜ਼ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਸ੍ਰੀ ਮਤੀ ਮਮਤਾ ਬਜਾਜ,ਤੇ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਨੇ ਦੱਸਿਆ ਕਿ ਦਾਖਲਾ ਮੁਹਿੰਮ ਦੀ ਸ਼ੁਰੂਆਤ ਸਰਕਾਰੀ ਐਲੀਮੈਂਟਰੀ ਸਕੂਲ ਮਨਸੂਰਵਾਲ ਦੋਨਾਂ (ਕ-2) ਤੋਂ ਕੀਤੀ ਜਾਵੇਗੀ। ਜਿਸ ਦੇ ਚਲਦੇ ਦਾਖਲਾ ਮੁਹਿੰਮ ਤਹਿਤ ਵੈਨ ਕੰਪੇਨ ਸਰਕਾਰੀ ਐਲੀਮੈਂਟਰੀ ਸਕੂਲ



ਮਨਸੂਰਵਾਲ ਤੋਂ ਚੱਲੇਗੀ। ਇਸ ਵੈਨ ਕੰਪੇਨ ਨੂੰ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਅਮਿਤ ਕੁਮਾਰ ਪੰਚਾਲ ਹਰੀ ਝੰਡੀ ਦੇ ਕੇ ਰਵਾਨਾ ਕਰਨਗੇ। ਉਹਨਾਂ ਦੱਸਿਆ ਕਿ ਇਹ ਵੈਨ ਦਾਖਲਾ ਮੁਹਿੰਮ ਕੰਪੇਨ ਦੌਰਾਨ ਬੱਚਿਆਂ ਦੇ ਮਾਪਿਆਂ ਨੂੰ ਜਿੱਥੇ ਨਰਸਰੀ ਤੋਂ ਬਾਰ੍ਹਵੀਂ ਕਲਾਸ ਦੇ ਦਾਖਲਿਆਂ ਲਈ ਜਾਗਰੂਕ ਕਰੇਗੀ। ਉੱਥੇ ਹੀ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਸੰਬੰਧੀ ਬੱਚਿਆਂ ਦੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਹਰਮਿੰਦਰ ਸਿੰਘ ਜੋਸਨ ਨੇ ਉਕਤ ਦਾਖਲਾ ਕੰਪੇਨ ਵੈਨ ਸੰਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਵੇਰੇ 9:30 ਵਜੇ ਕੰਪੇਨ ਵੈਨ ਸਰਕਾਰੀ ਐਲੀਮੈਂਟਰੀ ਸਕੂਲ ਮਨਸੂਰਵਾਲ ਤੋਂ ਰਵਾਨਾ ਹੋਵੇਗੀ । 10 ਵਜੇ ਬੱਸ ਸਟੈਂਡ ਕਪੂਰਥਲਾ ਤੇ ਨਜ਼ਦੀਕ ਸਿਵਲ ਹਸਪਤਾਲ ਪਹੁੰਚੇਗੀ। 10:45 ਤੇ ਮੱਛਰ ਕਲੋਨੀ,ਡਾਇਟ ਸ਼ੇਖੂਪੁਰ,ਆਰ ਸੀ ਐੱਫ, ਖੈੜਾ ਦੋਨਾ ਤੋਂ ਹੁੰਦੀ ਹੋਈ 12 ਵਜੇ ਬੱਸ ਸਟੈਂਡ ਡਡਵਿੰਡੀ ਪਹੁੰਚੇਗੀ । ਇਸੇ ਪ੍ਰਕਾਰ 1 ਵਜੇ ਬੱਸ ਸਟੈਂਡ ਸੁਲਤਾਨਪੁਰ ਲੋਧੀ , ਤਲਵੰਡੀ ਚੌਧਰੀਆਂ , 2 ਵਜੇ ਤੋਂ 3 ਵਜੇ ਦੇ ਦਰਮਿਆਨ ਬੱਸ ਸਟੈਂਡ ਪਰਵੇਜ਼ ਨਗਰ , ਮਹਿਤਾਬਗੜ੍ਹ ਮਹੁੱਲਾ ਵਿੱਚ ਪਹੁੰਚੇਗੀ। ਇਸੇ ਮੁਤਾਬਿਕ ਇਹ ਕੰਪੇਨ ਵੈਨ ਅਗਲੇ ਦਿਨਾਂ ਦੌਰਾਨ ਵੱਖ ਵੱਖ ਸਿੱਖਿਆ ਬਲਾਕਾਂ ਵਿੱਚ ਵੀ ਪਹੁੰਚੇਗੀ।

# ਅਣਪਛਾਤੀ ਬੱਸ ਨੇ ਐਕਟਿਵਾ ਸਕੂਟਰੀ ਨੂੰ ਮਾਰੀਂ ਫੇਟ, ਐਕਟਿਵਾ ਤੇ ਸਵਾਰ ਪਿਉ ਧੀ ਗੰਭੀਰ ਜ਼ਖਮੀ

## ਜਾਨੀ ਨੁਕਸਾਨ ਦਾ ਬਚਾਅ, ਐਕਟਿਵਾ ਸਕੂਟਰੀ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ





**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਜਮੀਤਗੜ੍ਹ ਭੱਲਾ ਦੇ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਟ੍ਰੋਲਰ ਰੂਮ ਨਵਾਂਸ਼ਹਿਰ ਤੋਂ ਇਤਲਾਹ ਮਿਲੀ ਕਿ ਪਿੰਡ ਜਮੀਤਗੜ੍ਹ ਭੱਲਾ ਦੇ ਕੋਲ ਐਕਸੀਡੈਂਟ ਹੋ ਗਿਆ ਹੈ ਉਹ ਤਰੁੰਤ ਆਪਣੀ ਟੀਮ ਲੈ ਕੇ ਮੌਕੇ ਤੇ ਪਹੁੰਚ ਕੇ ਦੇਖਿਆ ਕਿ ਐਕਟਿਵਾ ਸਕੂਟਰੀ ਪੀ ਬੀ ,02 ਸੀ ਈ 2705ਜਿਸ ਨੂੰ ਗਗਨਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਰੈਲਮਾਜਰਾ ਥਾਣਾ ਕਾਠਗੜ੍ਹ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਚਲਾ ਰਿਹਾ ਸੀ ਅਤੇ ਉਸ ਦੇ ਮਗਰ ਉਸ ਦੀ ਬੇਟੀ ਏਕਨੂਰ ਕੌਰ ਬੈਠੀ ਸੀ। ਜੋ ਕਿ ਬਲਾਚੌਰ ਸਾਇਡ ਤੋਂ ਆਪਣੇ ਪਿੰਡ ਰੈਲ ਮਾਜਰਾ ਨੂੰ ਜਾ ਰਿਹਾ ਸੀ। ਰਾਹਗੀਰ ਦੇ ਦੱਸਣ ਮੁਤਾਬਿਕ ਜਦੋਂ ਉਹ ਪਿੰਡ ਜਮੀਤਗੜ੍ਹ ਭੱਲਾ ਦੇ ਨੇੜੇ ਪਹੁੰਚੀਆਂ ਤਾਂ ਪਿੱਛੋ ਆ ਰਹੀ ਅਣਪਛਾਤੀ ਬੱਸ ਐਕਟਿਵਾ ਸਕੂਟਰੀ ਨੂੰ ਫੇਟ ਮਾਰ ਕੇ ਮੌਕੇ ਤੋਂ ਫਰਾਰ ਹੋ ਗਿਆ ।ਜਿਸ ਨਾਲ ਐਕਟਿਵਾ ਸਕੂਟਰੀ ਤੇ ਸਵਾਰ ਗਗਨਦੀਪ ਤੇ ਉਨ੍ਹਾਂ ਦੀ ਬੇਟੀ ਏਕਨੂਰ ਗੰਭੀਰ ਜ਼ਖਮੀ ਹੋ ਗਈ । ਜਿਨ੍ਹਾਂ ਨੂੰ ਇਲਾਜ ਲਈ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਰਾਹੀ ਸਿਵਲ ਹਸਪਤਾਲ ਰੋਪੜ੍ਹ ਲਿਜਾਇਆ ਗਿਆ ਅਤੇ ਹਾਦਸੇ ਵਿੱਚ ਐਕਟਿਵਾ ਸਕੂਟਰੀ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ। ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ।ਐਸ ਐਸ ਐਫ ਦੀ ਟੀਮ ਵਲੋਂ ਐਕਟਿਵਾ ਸਕੂਟਰੀ ਨੂੰ ਸੁਰੱਖਿਅਤ ਜਗ੍ਹਾ ਤੇ ਖੜ੍ਹਾ ਦਿੱਤਾ । ਇਸ ਹਾਦਸੇ ਦੀ ਖਬਰ ਥਾਣਾ ਕਾਠਗੜ੍ਹ ਤੇ ਕੰਟ੍ਰੋਲਰ ਨਵਾਂਸ਼ਹਿਰ ਨੂੰ ਦਿੱਤੀ ਗਈ।

# ਨੈਸ਼ਨਲ ਹਾਈਵੇ ਤੇ ਮੀਂਹ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਵਿੱਚ ਹਾਦਸੇ ਹੋਣ ਦਾ ਡਰ

**●ਨੈਸ਼ਨਲ ਹਾਈਵੇ ਅਥਾਰਟੀ ਨਿਕਾਸੀ ਦਾ ਹੱਲ ਨਾ ਕਰਨ 'ਚ ਬੁਰੀ ਤਰ੍ਹਾਂ ਨਾਲ ਫੇਲ੍ਹ ●ਆਉਣ ਜਾਣ ਵਾਲੇ ਵਾਹਨ ਚਾਲਕਾਂ ਤੇ ਰਾਹਗੀਰਾਂ ਨੂੰ ਝੱਲਣੀ ਪੈ ਰਹੀ ਵੱਡੀ ਦਿੱਕਤ**

**ਨਵਾਂਸ਼ਹਿਰ /ਕਾਠਗੜ੍ਹ ( ਜਤਿੰਦਰ ਪਾਲ ਸਿੰਘ ਕਲੇਰ )** ਨੈਸ਼ਨਲ ਹਾਈਵੇ ਤੇ ਮੀਂਹ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਖਾਸੇ ਹੀ ਪਰੇਸ਼ਾਨ ਹਨ । ਜਦਕਿ ਨੈਸ਼ਨਲ ਹਾਈਵੇ ਅਥਾਰਟੀ ਇਸ ਪਾਣੀ ਦੀ ਨਿਕਾਸੀ ਕਰਨ ਵਿੱਚ ਬੁਰੀ ਤਰ੍ਹਾਂ ਨਾਲ ਫੇਲ੍ਹ ਸਾਬਤ ਹੋ ਰਹੀ ਹੈ । ਜਦਕਿ ਇਸ ਨਿਕਾਸੀ ਦਾ ਹੱਲ ਨਾ ਹੋਣ ਦਾ ਖਮਿਆਜ਼ਾ ਰੋਜ਼ਾਨਾ ਸੈਂਕੜੇ ਦੀ ਤਦਾਂਦ ਵਿੱਚ ਇਹਨਾਂ ਸੜਕਾਂ ਤੋਂ ਲੰਘਣ ਵਾਲੇ ਵਾਹਨ ਚਾਲਕਾਂ ਨੂੰ ਭੁਗਤਣਾ ਪੈ ਰਿਹਾ ਹੈ । ਜਦ ਗੱਡੀਆਂ ਪੂਰੀ ਸਪੀਡ ਨਾਲ ਸੜਕ ਤੋਂ ਲੰਘਦੀਆਂ ਹਨ ਤੇ ਸੜਕ ਤੇ ਖੜ੍ਹਾ ਮੀਂਹ ਦਾ ਪਾਣੀ ਸਿੱਧਾ ਗੱਡੀਆਂ ਦੇ ਸ਼ੀਸ਼ੀਆਂ ਤੇ ਵੱਜਦਾ ਹੈ।ਵਰਨਣਯੋਗ ਇਹ ਹੈ ਕਿ ਇਹ ਪ੍ਰੇਸ਼ਾਨੀ ਉਦੋਂ ਹੀ ਆਉਂਦੀ ਹੈ। ਜਦੋਂ ਮੀਂਹ ਪਹਿੰਦਾ ਹੈ ਤਾਂ ਦੇਖਣ ਨੂੰ ਮਿਲਦਾ ਹੈ ਇਹ ਸੜਕ ਤੇ ਖੜ੍ਹਾ ਪਾਣੀ ਅਚਾਨਕ ਸ਼ੀਸੇ ਵਿੱਚ ਵੱਜਣ ਨਾਲ ਡਰਾਈਵਰ ਕੋਲੋਂ ਇੱਕ ਦਮ ਵਾਹਨ ਬੈਕਾਬੂ ਹੋ ਕੇ ਸੜਕ ਤੇ ਲੱਗੀ ਰੇਲਿੰਗ ਨਾਲ ਟਕਰਾ ਜਾਂਦਾ ਜਾਂ ਕਈ ਵਾਰ ਦੂਸਰੀਆਂ ਗੱਡੀਆਂ ਨਾਲ ਟਰਕਾ ਜਾਂਦੀਆਂ ਹਨ।ਜਿਸ ਨਾਲ ਕਈ ਹਾਦਸੇ ਵੀ ਹੋ ਚੁੱਕੇ ਅਤੇ ਗੱਡੀਆਂ ਬੁਰੀ ਤਰ੍ਹਾਂ ਨਾਲ





**ਨੈਸ਼ਨਲ ਹਾਈਵੇ ਤੇ ਮੀਂਹ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਤਲਾਅ ਦਾ ਰੂਪ ਧਾਰ ਕੇ ਸੜਕ ਤੇ ਖੜ੍ਹਾ ਪਾਣੀ ਅਤੇ ਐਸ ਡੀ ਐਮ ਮੈਡਮ ਕ੍ਰਿਤਿਕਾ ਗੋਇਲ ਬਲਾਚੌਰ ਲੋਕਾਂ ਦੀ ਤਕਲੀਫ ਸੁਣਦੇ ਹੋਏ ।**

ਨੁਕਸਾਨੀਆ ਜਾਦੀਆਂ ਹਨ । ਲੇਕਿਨ ਨੈਸ਼ਨਲ ਹਾਈਵੇ ਅਥਾਰਟੀ ਨੇ ਕੋਈ ਸਬਕ ਨਹੀਂ ਲਿਆ । ਜਦਕਿ ਨੈਸ਼ਨਲ ਹਾਈਵੇ ਰੋਜ਼ਾਨਾ ਲੋਕਾਂ ਤੋਂ ਐਨੇ ਮੋਟੇ ਟੋਲ ਵਸੂਲਦੇ ਹਨ ।ਪਰ ਇਸਨੂੰ ਪੂਰੀ ਤਰ੍ਹਾਂ ਨਾਲ ਮੇਨਟੇਨ ਰੱਖਣ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆ ਦੀ ਜਿੰਮੇਦਾਰੀ ਹੁੰਦੀ ਹੈ ਲੇਕਿਨ ਇਥੇ ਸਮੱਸਿਆ ਜਿਵੇਂ ਦੀ ਤਿਵੇ ਬਰਕਰਾਰ ਹੈ । ਇਲਾਕੇ ਦੇ ਲੋਕਾਂ ਨੇ ਜਿਲ੍ਹਾਂ ਪ੍ਰਸ਼ਾਸਨ ਤੇ ਮੰਗ ਕੀਤੀ ਹੈ ਨੈਸ਼ਨਲ ਹਾਈਵੇ ਤੇ ਖੜ੍ਹੇ ਇਸ ਪਾਣੀ ਦੀ ਨਿਕਾਸੀ ਦਾ ਤੁਰੰਤ ਹੱਲ ਕੀਤਾ ਜਾਵੇ । ਜਦੋਂ ਇਸ ਸਬੰਧ ਵਿੱਚ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਅਭਿਸ਼ੇਕ ਗੋਇਲ ਨਾਲ ਫੋਨ ਦੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਜਗ੍ਹਾ ਦੱਸੋ ਕਿ ਪਾਣੀ ਕਿੱਥੇ ਖੜ੍ਹਾ ਹੈ। ਪਰ ਉਹਨਾਂ ਤਾਂ ਹੀ ਦੱਸਿਆਂ ਜਾਵੇ ਜੇਕਰ ਆਸਰੋਂ ਤੋਂ ਲੈ ਕੇ ਕਾਠਗੜ੍ਹ ਮੋੜ ਤੱਕ ਨੈਸ਼ਨਲ ਹਾਈਵੇ ਤੇ ਹਰ ਪਾਸੇ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਪਾਣੀ ਖੜ੍ਹਾ ਹਾਦਸਿਆਂ ਨੂੰ ਸੱਦਾ ਦੇ ਰਿਹਾ ਹੈ ।ਪਰ ਫਿਰ ਉਨ੍ਹਾਂ ਨੇ ਇਹ ਕਹਿ ਕੇ ਫੋਨ ਕੱਟ ਦਿੱਤਾ ਕਿ ਅਸੀਂ ਉਸ ਨੂੰ ਚੈਕ ਕਰਵਾਉਂਦੇ ਹਾਂ। ਜਦੋਂ ਲੋਕਾਂ ਦੀ ਇਸ ਤਕਲੀਫ਼ ਸਬੰਧੀ ਐਸ ਡੀ ਐਮ ਮੈਡਮ ਕ੍ਰਿਤਿਕਾ ਗੋਇਲ ਬਲਾਚੌਰ ਨਾਲ ਗੱਲਬਾਤ ਕੀਤੀ ਤਾ ਉਨ੍ਹਾਂ ਕਿਹਾ ਕੇ ਇਸ ਸਬੰਧ ਵਿੱਚ ਮੈ ਹੁਣੇ ਹੀ ਨੈਸ਼ਨਲ ਹਾਈਵੇ ਅਥਾਰਟੀ ਦੇ ਉੱਚ ਅਧਿਕਾਰੀਆਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਕਹਿੰਦੀ ਹਾਂ ਕੇ ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਰੋਡ ਤੇ ਜਿੱਥੇ ਵੀ ਕਿਤੇ ਮੀਂਹ ਦਾ ਪਾਣੀ ਖੜ੍ਹਦਾ ਹੋਵੇ ਉਸ ਦੀ ਤਰੁੰਤ ਨਿਕਾਸੀ ਯਕੀਨੀ ਬਣਾਈ ਜਾਵੇ। ਤਾਂ ਲੋਕ ਮੀਂਹ ਦੌਰਾਨ ਭਿਆਨਕ ਹਾਦਸਿਆਂ ਤੋਂ ਬਚ ਸਕਣ।

# ਚਾਈਨਾ ਡੋਰ ਨਾਲ ਗਲਾਂ ਵੰਢੇ ਜਾਣ ਨਾਲ ਰਾਏਕੋਟ ਨਿਵਾਸੀ ਸਰਬਜੀਤ ਕੌਰ ਦੀ ਹੋਈ ਮੌਤ ਤੇ ਡੂੰਡੇ ਦੁਖ ਦਾ ਪ੍ਰਗਟਾਵਾ

**ਰਾਏਕੋਟ ਗੁਰਭਿੰਦਰ ਗੁਰੀ**



ਰਾਜ਼ ਵਿੱਚ ਚਾਈਨਾ ਡੋਰ ਨਾਲ ਹੋਈਆਂ ਮੌਤਾਂ ਤੇ ਵਧ ਰਹੇ ਹਾਦਸਿਆਂ ਨੂੰ ਰੋਕਣ ਲਈ ਸਰਕਾਰ ਨੇ ਭਾਵੇਂ ਇਸ ਡੋਰ ਬੈਨ ਕਰ ਦਿੱਤਾ ਹੈ ਪਰ ਚਾਈਨਾ ਡੋਰ ਦੀ ਖੂਨੀ ਖੇਡ ਅਜੇ ਲਗਾਤਾਰ ਜਾਰੀ ਹੈ ਅਜੇ ਪਰਸੋਂ 15 ਸਾਲਾਂ ਸਕੂਲੀ ਵਿਦਿਆਰਥੀ ਨਵਜੋਤ ਸਿੰਘ ਮਾਤਾ ਪਿਤਾ ਦੇ ਇਕਲੌਤੇ ਪੁੱਤਰ ਚਾਈਨਾ ਡੋਰ ਨਾਲ ਗਲਾਂ ਕੱਟਣ ਨਾਲ ਹੋਈ ਮੌਤ ਦੀਆਂ ਖਬਰਾਂ ਪੜੀਆਂ ਸੁਣੀਆਂ ਜਾ ਰਹੀਆਂ ਸਨ ਅਤੇ ਅੱਜ ਰਾਏਕੋਟ ਲੁਧਿਆਣਾ ਦੀ ਸਰਬਜੀਤ ਕੌਰ ਦੀ ਗਲਾਂ ਵੱਢੇ ਜਾਣ ਨਾਲ ਮੌਤ ਹੋਣ ਦੀ ਖਬਰ ਸਹਾਮਣੇ ਆਈ ਹੈ ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਚਾਈਨਾ ਡੋਰ ਨਾਲ ਗਲਾਂ ਵੰਢੇ ਜਾਣ ਨਾਲ ਰਾਏਕੋਟ ਨਿਵਾਸੀ ਸਰਬਜੀਤ ਕੌਰ ਦੀ ਹੋਈ ਮੌਤ ਤੇ ਡੂੰਡੇ ਦੁਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਜਿਥੇ ਸਰਕਾਰ ਨੂੰ ਪ੍ਰਵਾਰ ਦੀ ਢੁੱਕਵੀਂ ਮਦਦ ਕਰਨ ਦੇ ਨਾਲ ਨਾਲ ਸਰਕਾਰ ਨੂੰ ਬੇਨਤੀ ਕਰਦੀ ਹੈ, ਅਗਰ ਸਰਕਾਰ ਚਾਈਨਾ ਡੋਰ ਨੂੰ ਬੰਦ ਨਹੀਂ ਕਰ ਸਕਦੀ ? ਖੂਨੀ ਡੋਰ ਵੇਚਣ ਵਾਲਿਆਂ ਖ਼ੂਨੀ ਵਪਾਰੀਆਂ ਨੂੰ ਨਕੇਲ ਨਹੀਂ ਪਾ ਸਕਦੀ ? ਤਾਂ ਪਤੰਗਬਾਜ਼ੀ ਤੇ ਪਾਬੰਦੀ ਲਾਉਣ ਦੀ ਲੋੜ ਤੇ ਜ਼ੋਰ ਦੇਵੇ ਰੋਜ਼ ਰੋਜ਼ ਚਾਈਨਾ ਡੋਰ ਕਹਿਰ ਬਹੁਤ ਹੀ ਭਿਆਨਕ ਮੁੱਦਾ ਤੇ ਸਰਕਾਰ ਨੂੰ ਚੁਣੌਤੀ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਚਾਈਨਾ ਡੋਰ ਨਾਲ ਰਾਏਕੋਟ ਨਿਵਾਸੀ ਸਰਬਜੀਤ ਕੌਰ ਦੀ ਗਲਾਂ ਵੱਢਣ ਨਾਲ ਹੋਈ ਮੌਤ ਤੇ ਡੂੰਡੇ ਦੁਖ ਦਾ ਪ੍ਰਗਟਾਵਾ ਅਤੇ ਸਰਕਾਰ ਨੂੰ ਪਤੰਗਬਾਜ਼ੀ ਤੇ ਪਾਬੰਦੀ ਲਾਉਣ ਦੀ ਮੰਗ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਦੱਸਿਆ ਰਾਜ ਵਿੱਚ ਚਾਈਨਾ ਡੋਰ ਨਾਲ ਰੋਜ ਰੋਜ ਹੋ ਰਹੀਆਂ ਮੌਤਾਂ ਗਹਿਰੀ ਚਿੰਤਾ ਦਾ ਮਸਲਾ ਬਣ ਗਿਆ ਅਤੇ ਲੋਕ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਚਾਈਨਾ ਡੋਰ ਤੋਂ ਬਚਾਇਆ ਜਾਏ ਪਰ ਇੰਜ ਲਗਦਾ ਹੈ ਕਿ ਸਰਕਾਰ ਦੀ ਢਿੱਲ ਮੱਠ ਲੋਕਾਂ ਦੀਆਂ ਜਾਨਾਂ ਦਾ ਕਾਰਨ ਬਣਦੀ ਰਹੀ ਗਈ ਕਿਉਂਕਿ ਸਰਕਾਰ ਦੇ ਆਪਣੇ ਹੀ ਜਲੰਧਰੀ ਆਗੂ ਭਗਤ ਤੇ ਸ਼ੀਤਲ ਅੰਘਰਾਲ ਨੇ ਚਾਈਨਾ ਡੋਰ ਨਾਲ ਪਤੰਗ ਉਡਾਉਣ ਦੇ ਦੋਸ਼ ਲਾਏ ਹਨ ਕੀ ਸਰਕਾਰ ਭਗਤ ਤੇ ਕੇਸ ਦਰਜ ਕਰੇਗੀ ਭਾਈ ਖਾਲਸਾ ਨੇ ਕਿਹਾ ਸਰਕਾਰ ਚਾਈਨਾ ਡੋਰ ਸਬੰਧੀ ਲਾਪਰਵਾਹੀ ਹੀ ਲੋਕਾਂ ਦੀਆਂ ਤੇ ਕਈਆਂ ਦੇ ਵੱਡੇ ਹਾਦਸਿਆਂ ਦਾ ਸ਼ਿਕਾਰ ਬਣ ਰਹੀ ਹੈ ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਰਾਏਕੋਟ ਨਿਵਾਸੀ ਸਰਬਜੀਤ ਕੌਰ ਦੀ ਚਾਈਨਾ ਡੋਰ ਨਾਲ ਹੋਈ ਮੌਤ ਤੇ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੋਈ ਸਰਕਾਰ ਤੋਂ ਮੰਗ ਕਰਦੀ ਹੈ ਕਿ ਰਾਜ ਵਿਚ ਪਤੰਗਬਾਜ਼ੀ ਤੇ ਰੋਕ ਲਾਈ ਜਾਵੇ ਤਾਂ ਕਿ ਲੋਕਾਂ ਨੂੰ ਚਾਈਨਾ ਡੋਰ ਦੇ ਕਹਿਰ ਤੋਂ ਬਚਾਇਆ ਜਾ ਸਕੇ ।

# ਪੀਸੀਸੀਪੀਐੱਲ ਸਨਅਤ ਦਾ ਨਿਵੇਕਲਾ ਉਪਰਾਲਾ

## ਹੈਲਮੇਟ ਪਹਿਨਣ ਵਾਲੇ ਵਾਹਨ ਚਾਲਕਾਂ ਨੂੰ ਗੁਲਾਬ ਦੇ ਫੁੱਲ ਭੇਂਟ ਕਰਕੇ ਕੀਤਾ ਸਨਮਾਨਿਤ

**• ਸੜਕੀ ਨਿਯਮਾਂ ਦੀ ਪਾਲਣਾ ਜਾਨੀ ਨੁਕਸਾਨ ਤੋਂ ਬਚਾਅ ਲਈ ਅਹਿਮ: ਪ੍ਰੇਮ ਕੁਮਾਰ ਸੁਰੱਖਿਆ ਪ੍ਰਬੰਧਕ**
**• ਸੁਰੱਖਿਆ ਮਹੀਨੇ ਮੌਕੇ ਕਰਮਚਾਰੀਆਂ ਨੇ ਨਿਯਮ ਨਾ ਤੋੜਨ ਦਾ ਲਿਆ ਅਹਿਦ**



**ਡੇਰਾਬੱਸੀ, (ਸੰਜੀਵ ਸਿੰਘ ਸੈਣੀ):** ਸਥਾਨਕ ਉਦਯੋਗਿਕ ਇਕਾਈ ਪੀਸੀਸੀਪੀਐੱਲ ਵੱਲੋਂ ਮਨਾਏ ਜਾ ਰਹੇ 'ਸੁਰੱਖਿਆ ਮਹੀਨੇ ' ਦੌਰਾਨ ਇੱਕ ਸ਼ਲਾਘਾਯੋਗ ਪਹਿਲਕਦਮੀ ਦੇਖਣ ਨੂੰ ਮਿਲੀ। ਕੰਪਨੀ ਦੇ ਸੁਰੱਖਿਆ ਵਿਭਾਗ ਨੇ ਸੜਕੀ ਸੁਰੱਖਿਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਡੇਰਾਬੱਸੀ-ਮੁਬਾਰਕਪੁਰ ਰੋਡ 'ਤੇ ਵਿਸ਼ੇਸ਼ ਮੁਹਿੰਮ ਚਲਾਈ। ਇਸ ਦੌਰਾਨ ਨਿਯਮਾਂ ਦੀ ਪਾਲਣਾ ਕਰਦਿਆਂ ਹੈਲਮੇਟ ਪਹਿਨ ਕੇ ਲੰਘਣ ਵਾਲੇ ਦੋ ਪਹੀਆ ਵਾਹਨ ਚਾਲਕਾਂ ਨੂੰ ਰੋਕ ਕੇ ਗੁਲਾਬ ਦੇ ਫੁੱਲ ਭੇਂਟ ਕੀਤੇ ਗਏ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਨਿਵੇਕਲੇ ਉਪਰਾਲੇ ਦੀ ਟ੍ਰੈਫਿਕ ਪੁਲਿਸ ਅਤੇ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਸੁਰੱਖਿਆ ਵਿਭਾਗ ਦੇ ਮੁਖੀ ਪ੍ਰੇਮ ਕੁਮਾਰ ਨੇ ਦੱਸਿਆ ਕਿ ਇਹ ਜਾਗਰੂਕਤਾ ਮੁਹਿੰਮ ਕੰਪਨੀ ਦੇ ਸੀ.ਈ.ਓ. ਵਿਨੋਦ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਹੈਲਮੇਟ ਪਹਿਨਣ ਨਾਲ ਸੜਕੀ ਹਾਦਸੇ ਦੌਰਾਨ ਸਿਰ ਦੀ ਗੰਭੀਰ ਸੱਟ ਤੋਂ ਬਚਿਆ ਜਾ ਸਕਦਾ ਹੈ, ਜੋ ਕਿ ਅਕਸਰ ਜਾਨਲੇਵਾ ਸਾਬਤ ਹੁੰਦੀ ਹੈ। ਉਨ੍ਹਾਂ ਰਾਹਗੀਰਾਂ ਨੂੰ ਸੜਕੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਦੂਜਿਆਂ ਨੂੰ ਵੀ ਪ੍ਰੇਰਿਤ ਕਰਨ ਦੀ ਅਪੀਲ ਕੀਤੀ।

ਕਰਮਚਾਰੀਆਂ ਨੂੰ ਸੁਰੱਖਿਆ ਉਪਕਰਨਾਂ ਬਾਰੇ ਦਿੱਤੀ ਸਿਖਲਾਈ

ਉਨ੍ਹਾਂ ਦੱਸਿਆ ਕਿ ਸੜਕੀ ਸੁਰੱਖਿਆ ਤੋਂ ਇਲ-ਾਵਾ, ਸਨਅਤ ਦੇ ਅੰਦਰ ਵੀ ਕਰਮਚਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤੇ ਗਏ। ਸੇਫਟੀ ਵਿਭਾਗ ਦੀ ਟੀਮ ਨੇ ਵਰਕਰਾਂ ਨੂੰ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਵਰਤੋਂ, ਕੰਮ ਦੌਰਾਨ ਦਸਤਾਨੇ ਅਤੇ ਚਸ਼ਮੇ ਪਹਿਨਣ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ। ਉਚਾਈ 'ਤੇ ਕੰਮ ਕਰਨ ਵੇਲੇ 'ਸੇਫਟੀ ਬੈਲਟ' ਦੀ ਵਰਤੋਂ ਦੇ ਫਾਇਦਿਆਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸਮੂਹ ਕਰਮਚਾਰੀਆਂ ਨੇ ਫੈਕਟਰੀ ਦੇ ਅੰਦਰ ਅਤੇ ਬਾਹਰ ਸੁਰੱਖਿਆ ਨਿਯਮਾਂ ਦੀ ਉਲੰਘਣਾ ਨਾ ਕਰਨ ਦਾ ਅਹਿਦ ਲਿਆ। ਇਸ ਜਾਗਰੂਕਤਾ ਮੁਹਿੰਮ ਮੌਕੇ ਕੰਪਨੀ ਦੇ ਵਾਈਸ ਪ੍ਰੈਜ਼ੀਡੈਂਟ ਪਰਮਜੀਤ ਸਿੰਘ, ਐਚ.ਆਰ. ਪ੍ਰਬੰਧਕ ਯਸ਼ਵਰਧਨ ਤ੍ਰਿਪਾਠੀ, ਯਸ਼ਪਾਲ ਸਿੰਘ, ਬਲਦੇਵ ਕੁਮਾਰ, ਸੋਹਨ ਲਾਲ ਅਤੇ ਸਰਵਣ ਸਿੰਘ ਸਮੇਤ ਸੁਰੱਖਿਆ ਟੀਮ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

ਫੋਟੋ ਕੈਪਸ਼ਨ: ਡੇਰਾਬੱਸੀ ਵਿਖੇ ਪੀਸੀਸੀਪੀਐੱਲ ਦੇ ਸੁਰੱਖਿਆ ਵਿਭਾਗ ਦੇ ਅਧਿਕਾਰੀ ਹੈਲਮੇਟ ਪਹਿਨਣ ਵਾਲੇ ਵਾਹਨ ਚਾਲਕ ਨੂੰ ਗੁਲਾਬ ਦਾ ਫੁੱਲ ਭੇਂਟ ਕਰਦੇ ਹੋਏ।

# ਲਗਾਤਾਰ ਪੈ ਰਹੇ ਮੀਂਹ ਨੇ ਕਿਸਾਨਾਂ ਤੇ ਆਮ ਲੋਕਾਂ ਦੇ ਸਾਹ ਸੁਕਾਏ



**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਕੋਈ ਤਿੰਨ ਦਿਨ ਪਹਿਲਾਂ ਬਸੰਤ ਪੰਚਮੀ ਵਾਲੇ ਦਿਨ ਸਮੁੱਚੇ ਪੰਜਾਬ ਤੇ ਹਰਿਆਣੇ ਦੇ ਅਨੇਕਾਂ ਇਲਾਕਿਆਂ ਦੇ ਵਿੱਚ ਭਾਰੀ ਮੀਹ ਪਿਆ ਲਗਾਤਾਰ ਪਏ ਮੀਂਹ ਨੇ ਜਿੱਥੇ ਹਰ ਪਾਸੇ ਜਲ ਥਲ ਕਰ ਦਿੱਤਾ ਉੱਥੇ ਹੀ ਪਹਾੜੀ ਇਲਾਕਿਆਂ ਦੇ ਵਿੱਚ ਪਈ ਬਰਫ ਬਾਰੀ ਕਾਰਨ ਠੰਡ ਨੇ ਵੀ ਜ਼ੋਰ ਫੜ ਲਿਆ। ਭਰਮੇ ਪਏ ਮੀਂਹ ਨੇ ਕਣਕ ਨੂੰ ਫਾਇਦਾ ਪਹੁੰਚਾਇਆ ਹੈ ਪਰ ਦੂਜੇ ਪਾਸੇ ਆਲੂਆਂ ਦੀ ਫਸਲ ਜੋ ਤਿਆਰ ਖੜੀ ਸੀ ਤੇ ਸਬਜ਼ੀਆਂ ਦਾ ਨੁਕਸਾਨ ਵੀ ਹੋਇਆ ਹੈ ਪਿਛਲੇ ਦਿਨੀ ਪਏ ਭਾਰੀ ਮੀਂਹ ਦੇ ਕਾਰਨ ਖੇਤਾਂ ਵਿੱਚ ਖੜੇ ਪਾਣੀ ਲਈ ਕਿਸਾਨ ਹਾਲੇ ਕੋਈ ਹੀਲਾ ਵਸੀਲਾ ਕਰ ਹੀ ਰਹੇ ਸਨ ਤੇ ਅੱਜ ਫਿਰ ਪੰਜਾਬ ਦੇ ਅਨੇਕਾਂ ਇਲਾਕਿਆਂ ਦੇ ਵਿੱਚ ਜਿੱਥੇ ਭਾਰੀ ਮੀਂਹ ਪਿਆ ਉੱਤੇ ਹੀ ਗੜੇ ਮਾਰੀ ਵੀ ਹੋਈ ਹੈ।

ਅਜਿਹੇ ਮੌਸਮ ਦੇ ਵਿੱਚ ਇਕੱਲੇ ਕਿਸਾਨਾਂ ਦੇ ਹੀ ਸਾਹ ਨਹੀਂ ਸੂਤੇ ਹੋਰ ਕੰਮਾਂ ਕਾਰਾਂ ਵਾਲਿਆਂ ਦੀ ਵੀ ਔਖ ਹੋਈ ਹੈ ਆਲੂ ਦੀ ਫਸਲ ਵਿੱਚੋਂ ਪਾਣੀ ਕੱਢ ਰਿਹਾ ਕਿਸਾਨ ਇਹ ਕਹਿੰਦੇ ਰੱਬ ਨੂੰ ਉਲਾਮਾਂ ਦਿੰਦੇ ਸੁਣੇ ਗਏ ਕਿ ਰੱਬਾ ਹਾਲੇ ਤਾਂ ਪਰਸੋਂ ਚੌਥ ਵਾਲੇ ਪਏ ਮੀਂਹ ਦਾ ਪਾਣੀ ਨਹੀਂ ਸੁੱਕਿਆ ਤੇ ਅੱਜ ਤੂੰ ਹੋਰ ਮੀਂਹ ਵਰ੍ਹਾ ਦਿੱਤਾ।

# ਤੂਫ਼ਾਨ ਚੰਦਰ ਕਾਰਨ ਬਰਤਾਨੀਆ ‘ਚ ਹੜ੍ਹਾਂ ਦਾ ਖ਼ਤਰਾ, ਆਵਾਜਾਈ ਪ੍ਰਭਾਵਿਤ

**ਲੈਸਟਰ (ਇੰਗਲੈਂਡ),** (ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਵੱਡੇ ਹਿੱਸਿਆਂ ਵਿੱਚ ਤੂਫ਼ਾਨ ਚੰਦਰ ਦੇ ਪ੍ਰਭਾਵ ਕਾਰਨ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਨੇ ਜਨਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕਈ ਇਲਾਕਿਆਂ ਵਿੱਚ ਲਗਾਤਾਰ ਹੋ ਰਹੀ ਵਰਖਾ ਨਾਲ ਨਦੀਆਂ ਅਤੇ ਨਾਲਿਆਂ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਿਹਾ ਹੈ, ਜਿਸ ਕਾਰਨ ਹੜ੍ਹਾਂ ਦਾ ਡਰ ਬਣਿਆ ਹੋਇਆ ਹੈ।

ਮੌਸਮ ਵਿਭਾਗ ਵੱਲੋਂ ਜਾਰੀ ਚੇਤਾਵਨੀਆਂ ਅਨੁਸਾਰ ਕੁਝ ਖੇਤਰਾਂ ਵਿੱਚ ਹਵਾਵਾਂ ਦੀ ਰਫ਼ਤਾਰ ਕਾਫ਼ੀ ਤੇਜ਼ ਰਹੀ, ਜਿਸ ਨਾਲ ਦਰੱਖ਼ਤ ਡਿੱਗਣ ਅਤੇ ਬਿਜਲੀ ਦੀ ਸਪਲਾਈ ਵਿੱਚ ਰੁਕਾਵਟਾਂ ਪੈਦਾ ਹੋਈਆਂ। ਕਈ ਥਾਵਾਂ ‘ਤੇ ਸੜਕਾਂ ਪਾਣੀ ਵਿੱਚ ਡੁੱਬ ਜਾਣ ਕਾਰਨ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ, ਜਦਕਿ ਰੇਲ ਸੇਵਾਵਾਂ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ।

ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਗੈਰ-ਜ਼ਰੂਰੀ ਯਾਤਰਾ ਤੋਂ ਬਚਿਆ ਜਾਵੇ ਅਤੇ ਮੌਸਮੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਐਮਰਜੈਂਸੀ ਟੀਮਾਂ ਨੂੰ ਤਿਆਰ ਰੱਖਿਆ ਗਿਆ ਹੈ ਤਾਂ ਜੋ ਕਿਸੇ ਵੀ ਅਣਚਾਹੀ ਘਟਨਾ ਨਾਲ ਤੁਰੰਤ ਨਜਿੱਠਿਆ ਜਾ ਸਕੇ।

ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਕੁਝ ਇਲਾਕਿਆਂ ਵਿੱਚ ਭਾਰੀ ਮੀਂਹ ਜਾਰੀ ਰਹਿ ਸਕਦਾ ਹੈ, ਜਿਸ ਨਾਲ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਇਸ ਲਈ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਸਰਕਾਰੀ ਸੂਚਨਾਵਾਂ ‘ਤੇ ਧਿਆਨ ਦੇਣ ਦੀ ਸਲਾਹ ਦਿੱਤੀ ਗਈ ਹੈ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')
INFORMATION

- ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
- ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
- ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
- ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) £49
- ਨੁਸਖਾ ਨੰਬਰ 7 (IN CAPSULES) ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES) ... £59
- ਨੁਸਖਾ ਨੰਬਰ 9 (IN CAPSULES) ... £59
- ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
- ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
- ਨੁਸਖਾ ਨੰਬਰ 13 (IN VIALS) ... £89
- ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) | £19 |
| NURALACO | (IN OINTMENT OR LOTION) | £19 |
| CHILLAGA | (IN OINTMENT OR LOTION) | £19 |
| ARNSTRA | (IN OINTMENT) ... (BED SORES) | £19 |
| BELINFLA | (IN OIL OR OINTMENT) | £19 |
| BELULCE | (IN OIL) ... ULCERS | £19 |
| BRYJOIN | (IN OIL) | £19 |
| CALWOUN | (IN OIL OR OINTMENT) | £19 |
| BURCAN | (IN LOTION OR OINTMENT) | £19 |
| ROUTUM | (IN OINTMENT) | £19 |
| JOINRHU | (IN OIL) | £19 |
| ABSSIL | (IN LOTION) | £19 |
| ITCSUL | (IN OIL) | £19 |
| WARTHU | (IN OIL) ... (WARTS) | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# 26 ਜਨਵਰੀ ਗਣਤੰਤਰ ਦਿਵਸ ਤੇ ਰਾਏਕੋਟ ਵਿੱਚ ਕਿਸਾਨ ਜਥੇਬੰਦੀਆ ਵੱਲੋਂ ਰੋਸ ਟਰੈਕਟਰ ਮਾਰਚ

## ਕਿਸਾਨਾਂ ਦੀਆ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ – ਚੱਕ ਭਾਈ ਕਾ/ ਗੋਂਦਵਾਲ







**ਰਾਏਕੋਟ ਗੁਰਭਿੰਦਰ ਗੁਰੀ**
26 ਜਨਵਰੀ ਗਣਤੰਤਰ ਦਿਵਸ ਦੌਰਾਨ ਤਿੰਨ ਕਾਲੇ ਕਾਨੂੰਨ ਵਾਪਸ ਕਰਵਾਉਣ ਸਮੇਂ ਦਿੱਲੀ ਦੀਆ ਬਰੂਹਾਂ ਤੇ ਕੀਤੇ ਇਤਿਹਾਸਕ ਟਰੈਕਟਰ ਰੋਸ ਮਾਰਚ ਦੀ 5ਵੀਂ ਵਰੇਗੰਢ ਨੂੰ ਦਰਹਾਉਂਦਿਆਂ ਇਸ ਵਾਰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਅਨੁਸਾਰ ਸਥਾਨਕ ਰਾਏਕੋਟ ਸ਼ਹਿਰ ਵਿੱਚ ਸੈਕੜੇ ਟਰੈਕਟਰਾਂ ਨਾਲ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਰਾਜੇਵਾਲ, ਕਿਰਤੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ ਵੱਲੋਂ ਡਕੌਂਦਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਮਨਪ੍ਰੀਤ ਸਿੰਘ ਗੋਂਦਵਾਲ ਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਾਧੂ ਸਿੰਘ ਅੱਚਰਵਾਲ ਦੀ ਅਗਵਾਈ ਹੇਠ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੋਵੇਂ ਹੀ ਕਿਸਾਨ ਮਜ਼ਦੂਰ ਵਿਰੋਧੀ ਹਨ। ਕੇਂਦਰ ਸਰਕਾਰ ਕਿਸਾਨਾਂ ਦੀਆ ਮੰਗਾਂ ਮੰਨਣ ਉਪਰੰਤ ਲਾਗੂ ਕਰਨ ਤੋਂ ਟਾਲਾ ਵੱਟ ਰਹੀਂ ਹੈਂ ਅਤੇ ਮਾਨ ਸਰਕਾਰ ਕੇਂਦਰ ਦੇ ਲੋਕ ਮਾਰੂ ਕਾਨੂੰਨ ਜਿਸ ਵਿੱਚ ਬਿਜਲੀ ਬਿੱਲ ਅਤੇ ਬੀਜ ਸੋਧ ਬਿੱਲ ਲਾਗੂ ਕਰਨ ਲਈ ਉਤਾਵਲੀ ਹੋ ਰਹੀਂ ਹੈਂ। ਉਹਨਾਂ ਕਿਹਾ ਕਿ ਰਾਮਗੜ੍ਹ ਸਿਵੀਆ ਵਿਖੇ ਚੱਲ ਰਹੇ ਪੱਕੇ ਮੋਰਚੇ ਦੀਆ ਜੇਕਰ ਮੰਗਾਂ ਨਾ ਮੰਨੀਆਂ ਤਾਂ ਉਹ ਪੱਕਾ ਮੋਰਚਾ ਐਸਡੀਐਮ ਦਫ਼ਤਰ ਰਾਏਕੋਟ ਵਿੱਚ ਵੀਂ ਤਬਦੀਲ ਹੋ ਸਕਦਾ ਹੈਂ। ਇਸ ਦੌਰਾਨ ਜ਼ਿਲ੍ਹਾ ਖਜ਼ਾਨਚੀ ਸਤਿਬੀਰ ਸਿੰਘ ਬੋਪਾਰਾਏ ਖੁਰਦ, ਬਲਾਕ ਪ੍ਰਧਾਨ ਰਾਏਕੋਟ ਰਣਧੀਰ ਸਿੰਘ ਬੱਸੀਆ, ਬਲਾਕ ਪ੍ਰਧਾਨ ਸੁਧਾਰ ਡਾ.ਜਗਤਾਰ ਸਿੰਘ ਐਤੀਆਣਾ, ਬਲਾਕ ਪ੍ਰਧਾਨ ਪੱਖੋਵਾਲ ਗੁਰਵਿੰਦਰ ਸਿੰਘ ਪੱਖੋਵਾਲ, ਹਰਪ੍ਰੀਤ ਸਿੰਘ ਗੋਂਦਵਾਲ, ਸਾਧੂ ਸਿੰਘ ਚੱਕ ਭਾਈ ਕਾ, ਸੁਖਪਾਲ ਸਿੰਘ ਨਿੱਕਾ ਭੈਣੀ ਬੜਿੰਗ, ਅੰਮ੍ਰਿਤਪਾਲ ਸਿੰਘ ਝੋਰੜਾਂ, ਕੇਹਰ ਸਿੰਘ ਬੁਰਜ ਨਕਲੀਆਂ, ਬਲਕਾਰ ਸਿੰਘ ਬੋਪਾਰਾਏ ਖੁਰਦ, ਦਰਸ਼ਨ ਸਿੰਘ ਜਲਾਲਦੀਵਾਲ, ਪ੍ਰਦੀਪ ਸਿੰਘ ਸੁਖਾਣਾ, ਜਸਭਿੰਦਰ ਸਿੰਘ ਕਿਸ਼ਨਗੜ੍ਹ ਛੰਨਾ, ਜਗਰਾਜ ਸਿੰਘ ਤਲਵੰਡੀ ਰਾਏ, ਮਨਜਿੰਦਰ ਸਿੰਘ ਲਾਡੀ, ਟੇਕ ਸਿੰਘ ਧੂਰਕੋਟ, ਜਗਰਾਜ ਸਿੰਘ ਆਂਡਲੂ, ਸ਼ਿਵਦੇਵ ਸਿੰਘ ਕਾਲਸਾਂ, ਗੁਰਤੇਜ ਸਿੰਘ ਤੇਜੂ, ਅੰਮ੍ਰਿਤਪਾਲ ਸਿੰਘ ਬੁੱਟਰ, ਕੇਸਰ ਸਿੰਘ, ਜਸਵੀਰ ਸਿੰਘ ਸ਼ਾਹਜਹਾਨਪੁਰ, ਮਨਦੀਪ ਸਿੰਘ ਰਾਜਗੜ੍ਹ, ਬਲਦੇਵ ਸਿੰਘ ਅਕਾਲਗੜ੍ਹ ਖੁਰਦ, ਸੋਨੀ ਸਿੰਘ ਸ਼ਾਹਜਹਾਨਪੁਰ, ਸਰਬਜੀਤ ਸਿੰਘ ਪੱਖੋਵਾਲ, ਸੁਖਦੇਵ ਸਿੰਘ ਐਤੀਆਣਾ, ਚਮਕੌਰ ਸਿੰਘ ਜੌਹਲਾਂ, ਕਮਲਜੀਤ ਸਿੰਘ ਗਰੇਵਾਲ, ਪ੍ਰਿਤਪਾਲ ਸਿੰਘ ਭੈਣੀ ਰੋੜਾ, ਗੁਰਸ਼ਰਨ ਸਿੰਘ ਜਵੰਧਾ,ਗੁਰਪ੍ਰੀਤ ਸਿੰਘ ਰਾਏ, ਗੁਰਤੇਜ ਸਿੰਘ ਭੰਗੂ ਚੱਕ ਭਾਈ ਕਾ ਆਦਿ ਹਾਜ਼ਰ ਸਨ।



# ਦੇਸ਼ ਦੇ ਸੰਵਿਧਾਨ ਦੀ 77ਵੀਂ ਵਰੇਗੰਢ ਅੱਜ ਰਾਏਕੋਟ ਵਿੱਚ ਬੜੀ ਧੂਮ ਧਾਮ ਨਾਲ ਮਨਾਈ ਗਈ

**ਐਸਡੀਐਮ ਰਾਏਕੋਟ ਮੈਡਮ ਪਾਇਲ ਗੋਇਲ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ**





**ਰਾਏਕੋਟ ਗੁਰਭਿੰਦਰ ਗੁਰੀ**

ਦੇਸ਼ ਦੇ ਸੰਵਿਧਾਨ ਦੀ 77ਵੀਂ ਵਰੇਗੰਢ ਅੱਜ ਰਾਏਕੋਟ ਵਿੱਚ ਬੜੀ ਧੂਮ ਧਾਮ ਨਾਲ ਮਨਾਈ ਗਈ। ਇਸ ਸਬੰਧ ਵਿੱਚ ਸਥਾਨਕ ਅਨਾਜ ਮੰਡੀ ਵਿੱਚ ਕਰਵਾਏ ਗਏ ਇੱਕ ਤਹਿਸੀਲ ਪੱਧਰੀ ਸਮਾਗਮ ਦੌਰਾਨ ਐਸਡੀਐਮ ਰਾਏਕੋਟ ਮੈਡਮ ਪਾਇਲ ਗੋਇਲ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਪਰੇਡ ਦਾ ਮੁਆਇਨਾ ਕਰਨ ਉਪਰੰਤ ਪਰੇਡ ਤੋਂ ਸਲਾਮੀ ਲਈ। ਇਸ ਮੌਕੇ ਉਹਨਾਂ ਨਾਲ ਤਹਿਸੀਲਦਾਰ ਵਿਸ਼ਾਲ ਵਰਮਾਂ , ਡੀਐਸਪੀ ਹਰਜਿੰਦਰ ਸਿੰਘ, ਨਾਇਬ ਤਹਿਸੀਲਦਾਰ ਮੈਡਮ ਰੁਪਿੰਦਰ ਕੌਰ, ਹਲਕਾ ਵਿਧਾਇਕ ਠੇਕੇਦਾਰ ਹਾਕਮ ਸਿੰਘ ਵੀ ਉਚੇਚੇ ਤੌਰ ਤੇ ਮੌਜੂਦ ਸਨ। ਐਸਡੀਐਮ ਮੈਡਮ ਪਾਇਲ ਗੋਇਲ ਨੇ ਆਪਣੇ ਸੰਬੋਧਨ ਵਿੱਚ ਸਮੂਹ ਰਾਏਕੋਟ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਮੁਬਾਰਕਬਾਦ ਦਿੱਤੀ ਅਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਉਂਦੇ ਹੋਏ ਦੇਸ਼ ਨੂੰ ਸੁਤੰਤਰ ਕਰਾਉਣ ਵਿੱਚ ਆਜ਼ਾਦੀ ਘੁਲਾਟੀਆਂ ਵੱਲੋਂ ਪਾਏ ਗਏ ਯੋਗਦਾਨ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਉਹਨਾਂ ਵੱਲੋਂ ਰਾਏਕੋਟ ਹਲਕੇ ਦੇ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਅਤੇ ਵੱਖ ਵੱਖ ਖੇਤਰਾਂ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰਨ ਵਾਲੇ ਪਤਵੰਤੇ ਸੱਜਣਾਂ ਨੂੰ ਵੀ ਸਨਮਾਨਿਤ ਕੀਤਾ। ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਰੰਗਾ ਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

# ਕਾਂਗਰਸ ਪਾਰਟੀ ਵੱਲੋਂ ਚੋਣਾਂ ਵਿੱਚ ਮਿਹਨਤੀ ਅਤੇ ਸਾਫ਼-ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਹੀ ਤਰਜੀਹ ਦਿੱਤੀ ਜਾਵੇਗੀ.ਕਾਮਿਲ ਅਮਰ ਸਿੰਘ


**ਰਾਏਕੋਟ ਗੁਰਭਿੰਦਰ ਗੁਰੀ**




ਕਾਂਗਰਸ ਪਾਰਟੀ ਵੱਲੋਂ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੇ ਕਾਂਗਰਸੀ ਵਰਕਰਾਂ ਅਤੇ ਆਗੂਆਂ ਨਾਲ ਇਕ ਮੀਟਿੰਗ ਸਥਾਨਕ ਕਾਂਗਰਸ ਦਫਤਰ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਨੇ ਕਿਹਾ ਕਿ ਪਾਰਟੀ ਵਰਕਰਾਂ ਨੂੰ ਅਗਾਮੀ ਨਗਰ ਕੌਂਸਲ ਚੋਣਾਂ ਲਈ ਲਾਮਬੰਧ ਕਰਦੇ ਹੋਏ ਕਿਹਾ ਕਿ ਪਾਰਟੀ ਲਈ ਇਹ ਚੋਣਾਂ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਹੁਣ ਤੋਂ ਹੀ ਘਰ-ਘਰ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਅਤੇ ਕਾਂਗਰਸ ਸਰਕਾਰ ਦੀਆਂ ਪਿਛਲੀਆਂ ਪ੍ਰਾਪਤੀਆਂ ਤੇ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਉਣ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਵਰਕਰਾਂ ਦੀ ਮਿਹਨਤ 'ਤੇ ਨਿਰਭਰ ਕਰਦੀ ਹੈ।ਮੀਟਿੰਗ ਦੌਰਾਨ ਹਲਕਾ ਇੰਚਾਰਜ ਨੇ ਸਪੱਸ਼ਟ ਕੀਤਾ ਕਿ ਚੋਣਾਂ ਵਿੱਚ ਮਿਹਨਤੀ ਅਤੇ ਸਾਫ਼-ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਹੀ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਰਕਰ ਜ਼ਮੀਨੀ ਪੱਧਰ 'ਤੇ ਸਰਗਰਮ ਹੋਣ ਤਾਂ ਜੋ ਨਗਰ ਕੌਂਸਲ ਚੋਣਾਂ ਵੀ ਸ਼ਾਨਦਾਰ ਢੰਗ ਨਾਲ ਜਿੱਤੀਆਂ ਜਾ ਸਕਣ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਦੀ ਲਾਪਰਵਾਹੀ ਕਾਰਨ ਸ਼ਹਿਰ ਦਾ ਵਿਕਾਸ ਪੂਰੀ ਤਰ੍ਹਾਂ ਠੱਪ ਹੈ। ਉਹਨਾਂ ਪਾਰਟੀ ਵਰਕਰਾਂ ਦੀ ਹੌਸਲਾ ਅਫਜਾਈ ਕਰਦੇ ਹੋਏ ਕਿਹਾ ਕਿ ਪਾਰਟੀ ਨਗਰ ਕੌਂਸਲ ਚੋਣਾਂ ਵਿੱਚ ਵੀ ਸੰਮਤੀ ਚੋਣਾਂ ਦੇ ਨਤੀਜੇ ਦੋਹਰਾਏਗੀ ਅਤੇ ਸਾਰੇ 15 ਵਾਰਡਾਂ ਵਿੱਚ ਸ਼ਾਨਦਾਰ ਜਿੱਤ ਹਾਸਿਲ ਕਰੇਗੀ ਬੇਸ਼ਰਤੇ ਕਿ ਕਾਂਗਰਸ ਪਾਰਟੀ ਵਰਕਰ ਆਪਣੇ - ਆਪਣੇ ਵਾਰਡਾਂ ਵਿੱਚ ਪੂਰੀ ਤਰਾਂ ਸਰਗਰਮ ਹੋ ਕੇ ਮਿਹਨਤ ਕਰਨ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਨਗਰ ਕੌਂਸਲ ਪ੍ਰਧਾਨ ਸੁਦਰਸ਼ਨ ਜੋਸ਼ੀ, ਏਵੰਤ ਜੈਨ, ਵਿਨੋਦ ਜੈਨ, ਗੋਪਾਲ ਜੋਸ਼ੀ, ਰਾਜੇਸ਼ ਮਹੰਤ, ਸੁਮਨਦੀਪ ਸਿੰਘ ਦੀਪਾ, ਪ੍ਰੇਮ ਵਰਮਾਂ, ਕੌਂਸਲਰ ਗੁਰਦਾਸ ਮਾਨ, ਕੌਂਸਲਰ ਮੁਹੰਮਦ ਇਮਰਾਨ ਖਾਨ, ਗਿਆਨੀ ਗੁਰਦਿਆਲ ਸਿੰਘ, ਸੁਖਵੀਰ ਸਿੰਘ ਰਾਏ, ਨੰਬਰਦਾਰ ਅਮਰਜੀਤ ਸਿੰਘ, ਦਲੀਪ ਸਿੰਘ ਛਿੱਬੜ, ਮੰਗਤ ਰਾਏ ਸੱਭਰਵਾਲ, ਰਾਜਨ ਸੱਭਰਵਾਲ, ਰਾਕੇਸ਼ ਸੱਭਰਵਾਲ, ਰਜਿੰਦਰ ਭੀਲ, ਵਿੱਕੀ ਰਾਏਕੋਟ, ਰਮਨ ਮਾਨ ਰਾਏਕੋਟ, ਮਾਸਟਰ ਦਵਿੰਦਰ ਸਿੰਘ ਜਸਵਿੰਦਰ ਸਿੰਘ ਪਿੱਲਾ, ਅਰੋੜਾ ਰਾਏਕੋਟ, ਨੀਲ ਕਮਲ ਸ਼ਰਮਾਂ ਤੋਂ ਇਲਾਵਾ ਹੋਰ ਕਈ ਕਾਂਗਰਸੀ ਵਰਕਰ ਮੌਜੂਦ ਸਨ।

# ਆਪਣੇ ਪਲੇਠੇ ਸਿੰਗਲ ਟਰੈਕ "ਬਾਜ" ਨਾਲ ਉਭਰਦੇ ਬਾਲ ਲੋਕ ਗਾਇਕ "ਗੁਰਕਮਲ ਮੱਟੂ" ਵਿਲੱਖਣ ਭੱਲ ਸਥਾਪਿਤ ਕਰਨਗੇ

ਪੰਜਾਬੀ ਸੰਗੀਤ ਜਗਤ ਵਿੱਚ ਨਿੱਕੇ ਨਿੱਕੇ ਕਦਮਾਂ ਸੰਗ, ਆਪਣੀ ਸੁਰੀਲੀ ਤੇ ਭਾਵਪੂਰਕ ਦਮਦਾਰ ਬੁਲੰਦ ਆਵਾਜ ਵਿੱਚ, ਆਪਣਾ ਪਲੇਠਾ ਸਿੰਗਲ ਟਰੈਕ "ਬਾਜ" ਲੈ ਸਰੋਤਿਆ ਦੇ ਰੂਬਰੂ ਹੋਣ ਜਾ ਰਹੇ ਹਨ , ਉਭਰਦੇ ਬਾਲ ਲੋਕ ਗਾਇਕ "ਗੁਰਕਮਲ ਮੱਟੂ"। "ਬਾਜ" ਸਿੰਗਲ ਟਰੈਕ ਹਰ ਵਰਗ ਦੀ ਪਹਿਲੀ ਪਸੰਦ ਬਣੇਗਾ। ਇਸ ਸਿੰਗਲ ਟਰੈਕ ਨੂੰ ਸ਼ਬਦਾਂ ਦੀ ਮਾਲਾ 'ਚ ਪਰੋਇਆਂ ਹੈ ,ਪ੍ਰਸਿੱਧ ਗੀਤਕਾਰ "ਬਲਵਿੰਦਰ ਮੰਡ" ਜੀ ਨੇ। ਜੇਕਰ ਇਸ ਦੇ ਸੰਗੀਤਕਾਰ ਦਾ ਜਿਕਰ ਕਰੀਏ ਤਾਂ ਓਹ ਇਸ ਤੋ ਪਹਿਲਾ ਬਹੁਤ ਸਾਰੇ ਸਿੰਗਲ ਟਰੈਕ ਤੇ ਡਿਊਟ ਗੀਤਾਂ ਨੂੰ ਸੰਗੀਤ ਬੱਧ ਕਰ ਚੁੱਕੇ ਹਨ , ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀ, ਓਹ ਸੰਗੀਤਕ






ਖੇਤਰ ਦੇ ਦਿਗਜ ਸੰਗੀਤਕਾਰ ਹਨ , ਚਰਚਿਤ ਸੰਗੀਤਕਾਰ " ਰਵਿੰਦਰ ਟੀਨਾ ਜੀ ਤੇ ਸੰਗੀਤ ਕੰਡਿਆਰਾ ਜੀ । ਇਸ ਸਿੰਗਲ ਟਰੈਕ ਦੀ ਵੀਡੀਓਗ੍ਰਾਫੀ ਨੂੰ ਖੂਬਸੂਰਤ ਬੇਹਤਰੀਣ ਛੋਹਾਂ ਦਿੱਤੀਆ, ਨਾਮਵਰ ਵੀਡੀਓਗ੍ਰਾਫਰ "ਓ.ਪੀ ਬੰਟੂ" ਜੀ ਨੇ ।

ਇਸ ਸਿੰਗਲ ਟਰੈਕ ਨੂੰ ਸੰਗੀਤਕ ਪ੍ਰੇਮੀਆ ਦੀ ਕਚਹਿਰੀ ਵਿੱਚ "ਕਾਮ ਰਣਚੋਰਦ" ਕੰਪਨੀ ਤੇ ਮਾਣਮੱਤੇ ਲੋਕ ਗਾਇਕ "ਇੰਦਰ ਮਾਨ" ਪੇਸ਼ ਕੀਤਾ ਗਿਆ। ਇਸ ਸਿੰਗਲ ਟਰੈਕ "ਬਾਜ" ਨੂੰ ਸਰੋਤਿਆ ਵਲੋ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਓਨਾਂ ਦੇ ਪਰਿਵਾਰ ਤੇ ਪ੍ਰਸਿੱਧ ਗੀਤਕਾਰ ਮਨਜਿੰਦਰ ਗੋਲੀ ਜੀ ਦਾ ਵਿਸੇਸ਼ ਧੰਨਵਾਦ । ਮੇਰੀਆ ਸੁੱਭਕਾਮਨਾਵਾਂ ਲੋਕ ਗਾਇਕ "ਗੁਰਕਮਲ ਮੱਟੂ" ਤੇ ਓਨਾਂ ਦੀ ਪੂਰੀ ਟੀਮ ਲਈ। ਓਹ ਏਦਾਂ ਹੀ ਸਾਨਦਾਰ ਹਾਜ਼ਰੀ ਨਾਲ ਸਰੋਤਿਆ ਦੇ ਰੂਬਰੂ ਹੁੰਦੇ ਰਹਿਣ ਅਤੇ ਤਰੱਕੀ ਦੇ ਰਾਹ ਪੈ ਮੰਜ਼ਿਲਾਂ ਹਾਸਿਲ ਕਰਦੇ ਰਹਿਣ। ਆਮੀਨ

**ਸ਼ਿਵਨਾਥ ਦਰਦੀ**
**ਫ਼ਰੀਦਕੋਟ**
**ਫਿਲਮ ਜਰਨਲਿਸਟ**
**ਸੰਪਰਕ:-**
**9855155392**

for more news visit:
www.samajweekly.com

# ਅਵਤਾਰ ਸਿੰਘ ਖੰਡਾ ਦੀ ਮੌਤ ਮਾਮਲੇ 'ਚ ਨਵੇਂ ਖੁਲਾਸੇ, ਸਿੱਖ ਫੈਡਰੇਸ਼ਨ ਯੂਕੇ ਵੱਲੋਂ ਮੁੜ ਜਾਂਚ ਦੀ ਮੰਗ



**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਵਿੱਚ ਸਰਗਰਮ ਸਿੱਖ ਜਥੇਬੰਦੀ ਸਿੱਖ ਫੈਡਰੇਸ਼ਨ ਯੂਕੇ ਵੱਲੋਂ ਭਾਰਤ ਸਰਕਾਰ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਗਿਆ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਖ਼ਾਲਿਸਤਾਨ ਹਮਾਇਤੀ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਥੇਬੰਦੀ ਨੇ ਬਰਤਾਨਵੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਆਪਣਾ ਰੁੱਖ ਸਪਸ਼ਟ ਕਰੇ ਅਤੇ ਸੱਚ ਸਾਹਮਣੇ ਲਿਆਏ। ਸਿੱਖ ਫੈਡਰੇਸ਼ਨ ਯੂਕੇ ਦੇ ਭਾਈ ਦਬਿੰਦਰਜੀਤ ਸਿੰਘ ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ, ਬਰਤਾਨੀਆ ਦੀ ਧਰਤੀ 'ਤੇ ਰਹਿੰਦੇ ਸਿੱਖ ਕਾਰਕੁਨ ਅਵਤਾਰ ਸਿੰਘ ਖੰਡਾ ਦੀ ਮੌਤ ਸਬੰਧੀ ਨਵੇਂ ਅਤੇ ਚੌਂਕਾਉਣ ਵਾਲੇ ਖੁਲਾਸੇ ਸਾਹ-ਮਣੇ ਆਏ ਹਨ। ਜਥੇਬੰਦੀ ਦਾ ਦਾਅਵਾ ਹੈ ਕਿ ਇਹ ਮੌਤ ਸਧਾਰਣ ਨਹੀਂ ਸੀ, ਸਗੋਂ ਇਸ ਦੇ ਪਿੱਛੇ ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੀਆਂ ਗੁਪਤ ਕਾਰਵਾਈਆਂ ਦੀ ਭੂਮਿਕਾ ਹੋ ਸਕਦੀ ਹੈ।ਜਥੇਬੰਦੀ ਨੇ ਇਹ ਵੀ ਸਵਾਲ ਉਠਾਇਆ ਹੈ ਕਿ ਕੀ ਇਸ ਮਾਮਲੇ ਵਿੱਚ ਵਿਦੇਸ਼ੀ ਗੁਪਤ ਏਜੰਸੀਆਂ ਦੀ ਮਦਦ ਨਾਲ ਜ਼ਹਿਰ ਦੇ ਕੇ ਕਾਰਵਾਈ ਕੀਤੀ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਇਹ ਦੋਸ਼ ਸਹੀ ਸਾਬਤ ਹੁੰਦੇ ਹਨ, ਤਾਂ ਇਹ ਬਰਤਾਨੀਆ ਦੀ ਖ਼ੁਦਮੁਖ਼ਤਿਆਰੀ ਅਤੇ ਕਾਨੂੰਨੀ ਪ੍ਰਣਾਲੀ ਲਈ ਗੰਭੀਰ ਚੁਣੌਤੀ ਹੋਵੇਗੀ।

ਸਿੱਖ ਫੈਡਰੇਸ਼ਨ ਦਾ ਕਹਿਣਾ ਹੈ ਕਿ ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਦੀ ਮੌਤ ਤੱਕ ਸੀਮਿਤ ਨਹੀਂ, ਸਗੋਂ ਇਹ ਬਰਤਾਨੀਆ ਵਿੱਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਵੱਡਾ ਮਸਲਾ ਹੈ। ਜਥੇਬੰਦੀ ਦੇ ਅਨੁਸਾਰ, ਜੇਕਰ ਕਿਸੇ ਹੋਰ ਦੇਸ਼ ਦੀਆਂ ਏਜੰਸੀਆਂ ਬਰਤਾਨੀਆ ਦੀ ਧਰਤੀ 'ਤੇ ਗੁਪਤ ਤੌਰ 'ਤੇ ਸਰਗਰਮ ਹਨ, ਤਾਂ ਇਸ ਬਾਰੇ ਪੂਰੀ ਜਾਂਚ ਹੋਣੀ ਲਾਜ਼ਮੀ ਹੈ।

ਇਸ ਮਾਮਲੇ ਨੂੰ ਲੈ ਕੇ ਜਥੇਬੰਦੀ ਵੱਲੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਅਤੇ ਕਈ ਸੰਸਦ ਮੈਂਬਰਾਂ ਨੂੰ ਪੱਤਰ ਲਿਖ ਕੇ ਦਖ਼ਲ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸਿੱਧੇ ਤੌਰ 'ਤੇ ਦੱਸੇ ਕਿ ਇਸ ਮਾਮਲੇ ਬਾਰੇ ਉਸ ਨੂੰ ਕੀ ਜਾਣਕਾਰੀ ਹੈ ਅਤੇ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਇਸ ਦੇ ਨਤੀਜੇ ਸਿਰਫ਼ ਦੋ ਦੇਸ਼ਾਂ ਤੱਕ ਸੀਮਿਤ ਨਹੀਂ ਰਹਿਣਗੇ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਇਸ ਦੀ ਗੂੰਜ ਸੁਣੀ ਜਾਵੇਗੀ। ਇਸ ਨਾਲ ਦੋ ਦੇਸ਼ਾਂ ਦੇ ਆਪਸੀ ਸਬੰਧਾਂ 'ਤੇ ਵੀ ਡੂੰਘਾ ਅਸਰ ਪੈ ਸਕਦਾ ਹੈ।

ਫਿਲਹਾਲ, ਇਸ ਮਾਮਲੇ ਸਬੰਧੀ ਬਰਤਾਨਵੀ ਸਰਕਾਰ ਵੱਲੋਂ ਕੋਈ ਵਿਸਥਾਰਪੂਰਕ ਬਿਆਨ ਸਾਹਮਣੇ ਨਹੀਂ ਆਇਆ, ਪਰ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਆਉਣ ਵਾਲੇ ਦਿਨਾਂ ਵਿੱਚ ਇਸ 'ਤੇ ਵੱਡੀ ਸਿਆਸੀ ਚਰਚਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।






# ਸਵਰਗੀ ਆਈਐਸ ਬਿੰਦਰਾ ਨੇ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਰਾਜ ਪੱਧਰ 'ਤੇ ਕ੍ਰਿਕਟ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ : ਡਾ. ਰਮਨ ਘਈ

## ਐਚਡੀਸੀਏ ਸਵਰਗੀ ਆਈਐਸ ਬਿੰਦਰਾ ਨੂੰ ਸ਼ਰਧਾਂਜਲੀ ਦਿੰਦਾ ਹੈ



**ਹੁਸ਼ਿਆਰਪੁਰ** ਆਈਸੀਸੀ, ਬੀਸੀਸੀਆਈ ਅਤੇ ਪੀਸੀਏ ਦੇ ਸਾਬਕਾ ਪ੍ਰਧਾਨ ਸਵਰਗੀ ਆਈਐਸ ਬਿੰਦਰਾ ਦੇ ਦੇਹਾਂਤ 'ਤੇ ਕ੍ਰਿਕਟ ਭਾਈਚਾਰਾ ਸੋਗ ਮਨਾ ਰਿਹਾ ਹੈ। ਐਚਡੀਸੀਏ ਅਤੇ ਖਿਡਾਰੀਆਂ ਨੇ ਸਥਾਨਕ ਐਚਡੀਸੀਏ ਮੈਦਾਨ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਆਈਐਸ ਬਿੰਦਰਾ ਨੂੰ ਸ਼ਰਧਾਂਜਲੀ ਭੇਟ ਕੀਤੀ। ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਕਿਹਾ ਕਿ ਬੀਸੀਸੀਆਈ ਪ੍ਰਧਾਨ ਦੇ ਤੌਰ 'ਤੇ, ਸਵਰਗੀ ਆਈਐਸ ਬਿੰਦਰਾ ਨੇ ਭਾਰਤੀ ਕ੍ਰਿਕਟ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਅਤੇ ਭਾਰਤੀ ਕ੍ਰਿਕਟ ਅਤੇ ਇਸਦੇ ਖਿਡਾਰੀਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਕੇ ਭਾਰਤੀ ਕ੍ਰਿਕਟ ਲਈ ਇੱਕ ਮਜ਼ਬੂਤ ਰਾਸ਼ਟਰੀ ਪਛਾਣ ਸਥਾਪਤ ਕੀਤੀ। ਡਾ. ਘਈ ਨੇ ਅੱਗੇ ਕਿਹਾ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਨੇ ਮੋਹਾਲੀ ਵਿੱਚ ਅੰਤਰਰਾਸ਼ਟਰੀ ਪੀਸੀਏ ਸਟੇਡੀਅਮ ਸਥਾਪਤ ਕਰਨ ਅਤੇ ਮੁੱਲਾਂਪੁਰ ਵਿੱਚ ਇੱਕ ਹੋਰ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਅੱਗੇ ਕਿਹਾ ਕਿ ਸਵਰਗੀ ਆਈਐਸ ਬਿੰਦਰਾ ਇੱਕ ਸੱਚੇ ਹੀਰੋ ਸਨ। ਆਈਐਸ ਬਿੰਦਰਾ ਦੇ ਯਤਨਾਂ ਸਦਕਾ ਹੀ ਪੰਜਾਬ ਨੇ ਕ੍ਰਿਕਟ ਵਿੱਚ ਤਰੱਕੀ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਯਤਨਾਂ ਸਦਕਾ, ਪੰਜਾਬ ਕ੍ਰਿਕਟ ਖਿਡਾਰੀਆਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਹੂਲਤਾਂ ਦੇ ਨਾਲ-ਨਾਲ ਅੱਗੇ ਲਿਆਉਣ ਵਿੱਚ ਸਫਲ ਹੋਇਆ। ਡਾ. ਘਈ ਨੇ ਕਿਹਾ ਕਿ ਆਈ.ਐਸ. ਬਿੰਦਰਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਜਿਸ ਤਰ੍ਹਾਂ ਉਨ੍ਹਾਂ ਨੇ ਆਈ.ਸੀ.ਸੀ., ਬੀ.ਸੀ.ਸੀ.ਆਈ. ਅਤੇ ਪੀ.ਸੀ.ਏ. ਦੇ ਪ੍ਰਧਾਨ ਵਜੋਂ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਰਾਜ ਪੱਧਰ 'ਤੇ ਕ੍ਰਿਕਟ ਨੂੰ ਵਿਕਸਤ ਕੀਤਾ। ਐਚ.ਡੀ.ਸੀ.ਏ. ਦੇ ਪ੍ਰਧਾਨ ਡਾ. ਦਲਜੀਤ ਖੇਲਣ ਦੀ ਅਗਵਾਈ ਹੇਠ, ਐਚ.ਡੀ.ਸੀ.ਏ. ਦੇ ਅਧਿਕਾਰੀਆਂ, ਜ਼ਿਲ੍ਹਾ ਕ੍ਰਿਕਟ ਕੋਚਾਂ, ਰਾਸ਼ਟਰੀ ਖਿਡਾਰੀਆਂ ਅਤੇ ਹੋਰ ਸਾਰੇ ਖਿਡਾਰੀਆਂ ਦੇ ਇੱਕ ਸਮੂਹ ਨੇ ਪੀ.ਸੀ.ਏ. ਦੇ ਸਾਬਕਾ ਪ੍ਰਧਾਨ ਆਈ.ਐਸ. ਬਿੰਦਰਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਡਾ: ਖੇਲ੍ਹਾ ਤੋਂ ਇਲਾਵਾ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਭੁਪਿੰਦਰ ਸਿੰਘ ਸੀਨੀਅਰ, ਵਿਵੇਕ ਸਾਹਨੀ, ਜੇ.ਬੀ.ਬਹਿਲ, ਸੁਭਾਸ਼ ਸ਼ਰਮਾ, ਡਾ: ਪੰਕਜ ਸ਼ਿਵ, ਠਾਕੁਰ ਯੋਗਰਾਜ, ਜਤਿੰਦਰ ਸ਼ਰਮਾ, ਸਾਹਿਬ ਦਿਆਲ, ਮਨੋਜ ਓਹਰੀ, ਕੋਚ ਦਲਜੀਤ ਸਿੰਘ, ਦਵਿੰਦਰ ਕੌਰ, ਦਲਜੀਤ ਧੀਮਾਨ, ਪੰਕਜ ਸ਼ਰਮਾ ਪਿੰਕਾ, ਨਿੰਕਾ ਕੁਮਾਰ, ਰਾਸ਼ਟਰੀ ਖਿਡਾਰੀ ਨਿੰਕਾ, ਡੀ.ਸੀ. ਧਾਮੀ, ਅਰੁਣ ਬੇਦੀ, ਅਸ਼ੀਸ਼ ਘਈ, ਅਰਜੁਨ ਜੌਂਟੀ, ਸੁਰਭੀ ਨਰਾਇਣ, ਅੰਜਲੀ ਸੀਹਮਾਰ, ਸ਼ਿਵਾਨੀ, ਪੂਜਾ, ਸੁਹਾਨਾ, ਅੰਜਲੀ, ਆਸਥਾ ਆਦਿ ਨੇ ਵੀ ਮਰਹੂਮ ਆਈ.ਐਸ ਬਿੰਦਰਾ ਨੂੰ ਸ਼ਰਧਾਂਜਲੀ ਭੇਟ ਕੀਤੀ।

**ਫੋਟੋ ਅਜਮੇਰ ਦੀਵਾਨਾ**

# ਪੰਜਾਬ ਸੰਭਾਲੋ ਮਹਿਮ ਆਤਮ ਨਿਰਭਰ ਪੰਜਾਬ ਦਾ ਨਿਰਮਾਣ ਕਰੇਗੀ: ਕਰੀਮਪੁਰੀ

**ਬੰਗਾ (ਚਰਨਜੀਤ ਸੱਲ੍ਹਾਂ )** ਬੀਬੀ ਰੇਸ਼ਮੋ ਜਿਸ ਦਾ ਘਰ ਬਰਸਾਤ ਦੌਰਾਨ ਡਿੱਗ ਗਿਆ ਸੀ ਅਤੇ ਉਹ ਕਿਸੇ ਹੋਰ ਦੇ ਘਰ ਵਿੱਚ ਰਹਿਣ ਲਈ ਮਜਬੂਰ ਸੀ ਸਰਕਾਰ ਵੱਲੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ,ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵੱਲੋਂ ਪੀੜਤਾਂ ਲਈ ਭੇਜੀ ਗਈ ਮਦਦ ਅੱਜ ਸ਼੍ਰੀ ਮਹਿੰਦਰ ਪਾਲ ਨਿਊਯਾਰਕ ਅਤੇ ਉਹਨਾਂ ਦੀ ਸੁਪਤਨੀ ਵੱਲੋਂ ਬੀਬੀ ਰੇਸ਼ਮਾ ਨੇ ਭੇਂਟ ਕੀਤੇ ਗਈ,ਪੰਜਾਬ ਬਸਪਾ ਦੀ ਪੰਜਾਬ ਸੰਭਾਲੋ ਮੁਹਿਮ




ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਦਾ ਕੋਟਨ ਕੋਟ ਧੰਨਵਾਦ ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਪ੍ਰਵੀਨ ਬੰਗਾ,ਵਿਧਾਨ ਸਭਾ ਹਲਕੇ ਤੇ ਪ੍ਰਧਾਨ ਰਿਟਾਇਰਡ ਲੈਕਚਰਾਰ ਸਤਪਾਲ ਰਟੈਂਡਾ, ਸ੍ਰੀ ਮਨੋਹਰ ਕਮਾਮ ਜਿਲਾ ਆਗੂ,ਸ੍ਰੀ ਜਸਬੀਰ ਚਾਹਲ, ਸ਼੍ਰੀ ਵਿਜੇ ਕੁਮਾਰ ਗੁਣਾਚੌਰ, ਡਾਕਟਰ ਸੋਮਨਾਥ ਲੋਧੀਪਰ, ਸ੍ਰੀ ਮਹਿੰਦਰ ਨਿਊਯਾਰਕ ਤੋਂ ਇਲਾਵਾ ਹੋਰ ਪਾਰਟੀ ਲੀਡਰਸ਼ਿਪ ਤੇ ਵਰਕਰ ਵੀ ਮੌਜੂਦ ਸਨ।

# ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਨਵਾਂਸ਼ਹਿਰ 'ਚ ਲਹਿਰਾਇਆ ਤਿਰੰਗਾ

## ਕੈਬਨਿਟ ਮੰਤਰੀ ਨੇ ਲੋੜਵੰਦਾਂ ਨੂੰ ਵੰਡੀਆਂ ਸਿਲਾਈ ਮਸ਼ੀਨਾਂ ਤੇ ਟਰਾਲੀ ਸਾਈਕਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਨੇ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਰਾਸ਼ਟਰੀ ਝੰਡਾ ਲਹਿਰਾਇਆ। ਕੌਮੀ ਝੰਡਾ ਲਹਿਰਾਉਣ ਉਪਰੰਤ ਕੈਬਨਿਟ ਮੰਤਰੀ ਡਾ ਬਲਬੀਰ ਸਿੰਘ ਨੇ ਮਾਰਚ ਪਾਸਟ ਦੀਆਂ ਟੁਕੜੀਆਂ ਦਾ ਨਿਰੀਖਣ ਕਰਦਿਆਂ ਪਰੇਡ ਤੋਂ ਸਲਾਮੀ ਲਈ। ਇਸ ਮੌਕੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਐਸ.ਐਸ.ਪੀ ਤੁਸ਼ਾਰ ਗੁਪਤਾ ਵੀ ਮੌਜੂਦ ਸਨ। ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਡਾ ਬਲਬੀਰ ਸਿੰਘ ਨੇ ਦੇਸ਼ ਦੀਆਂ ਤਿੰਨੋਂ ਸੈਨਾਵਾਂ ਅਤੇ ਹਥਿਆਰਬੰਦ ਬਲਾਂ ਦੇ ਬਹਾਦਰ ਸੂਰਵੀਰਾਂ ਨੂੰ ਸਲਾਮ ਕੀਤਾ ਜੋ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰਾਖੀ ਕਰ ਰਹੇ ਹਨ। ਡਾ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬੀਆਂ ਨਾਲ ਬਿਹਤਰ ਸਿਹਤ ਸਹੂਲਤਾਂ ਦੇ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ, ਪੰਜਾਬ ਸਰਕਾਰ ਨੇ "ਮੁੱਖ ਮੰਤਰੀ ਸਿਹਤ ਬੀਮਾ ਯੋਜਨਾ" ਸ਼ੁਰੂ ਕੀਤੀ ਹੈ ਜਿਸਦੇ ਤਹਿਤ ਪੰਜਾਬ ਅਤੇ ਚੰਡੀਗੜ੍ਹ ਦੇ 900 ਤੋਂ ਵੱਧ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ 10 ਲੱਖ ਤੱਕ ਕੈਸ਼ਲੈੱਸ ਇਲਾਜ ਦੀ ਸਹੂਲਤ ਮਿਲੇਗੀ। ਇਸ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿੱਥੇ 65 ਲੱਖ ਪਰਿਵਾਰ ਇਸ ਸਕੀਮ ਅਧੀਨ ਕਵਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਪ੍ਰਮੁੱਖ ਸਰਜਰੀਆਂ, ਕੈਂਸਰ ਦਾ ਇਲਾਜ, ਦਿਲ ਦੀਆਂ ਬਿਮਾਰੀਆਂ ਦਾ ਇਲਾਜ, ਡਾਇਲਿਸਿਜ਼ ਆਦਿ ਇਲਾਜ ਕਵਰ ਹੋਣਗੇ। ਜ਼ਿਲੇ ਅੰਦਰ ਲਗਭਗ 300 ਕਰੋੜ ਰੁਪਏ ਦੀ ਲਾਗਤ ਵਾਲੇ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ 51.70 ਕਰੋੜ ਰੁਪਏ ਦੀ ਲਾਗਤ ਨਾਲ ਵਿਰਾਸਤੀ ਕੰਪਲੈਕਸ ਵੀ ਬਣਾਇਆ ਜਾ ਰਿਹਾ ਹੈ।ਸਮਾਗਮ ਦੌਰਾਨ ਉਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਅਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਅਤੇ ਸਿਲਾਈ ਮਸ਼ੀਨਾਂ ਵੀ ਭੇਟ ਕੀਤੀਆਂ। ਇਸ ਤੋਂ ਇਲਾਵਾ ਪਰੇਡ ਕਮਾਂਡਰ ਸਮੇਤ ਵੱਖ-ਵੱਖ ਖੇਤਰਾਂ ਦੇ ਵਿੱਚ ਉਪਲਬਧੀਆਂ ਹਾਸਲ ਕਰਨ ਅਤੇ ਵਿਭਾਗਾਂ ਦੇ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।



## 77ਵਾਂ ਗਣਤੰਤਰ ਦਿਵਸ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿਖੇ ਬਹੁਤ ਧੂਮਧਾਮ ਨਾਲ ਮਨਾਇਆ ਗਿਆ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਵਿਖੇ 77ਵਾਂ ਗਣਤੰਤਰ ਦਿਵਸ ਸਮਾਰੋਹ ਇੱਕ ਸ਼ਾਨਦਾਰ ਅਤੇ ਯਾਦਗਾਰੀ ਸਮਾਗਮ ਸੀ। ਚਾਂਸਲਰ ਸ਼੍ਰੀ ਐਨ.ਐਸ. ਰਿਆਤ ਨੇ ਇਸ ਸਮਾਰੋਹ ਵਿੱਚ ਕੇਂਦਰੀ ਭੂਮਿਕਾ ਨਿਭਾਈ, ਯੂਨੀਵਰਸਿਟੀ ਦੀ ਸੁਰੱਖਿਆ ਟੀਮ ਅਤੇ ਵਿਦਿਆਰਥੀਆਂ ਦੀਆਂ ਟੀਮਾਂ, ਯੂਨੀਵਰਸਿਟੀ ਦੇ ਐਨ.ਐਸ.ਐਸ. ਵਲੰਟੀਅਰਾਂ, ਵੱਖ-ਵੱਖ ਸੰਸਥਾਵਾਂ ਦੇ ਨਾਲ ਤਿਰੰਗਾ ਲਹਿਰਾਇਆ। ਮਾਰਚ ਪਾਸਟ ਵਿੱਚ ਹਿੱਸਾ ਲਿਆ ਅਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ। ਪੂਰੇ ਇਕੱਠ ਨੇ ਮਾਣ ਨਾਲ ਰਾਸ਼ਟਰੀ ਗੀਤ ਗਾਇਆ, ਏਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ। ਆਪਣੇ ਸੰਬੋਧਨ ਦੌਰਾਨ, ਚਾਂਸਲਰ ਸ਼੍ਰੀ ਐਨ.ਐਸ. ਰਿਆਤ ਨੇ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ ਦਿਲੋਂ ਵਧਾਈਆਂ ਦਿੱਤੀਆਂ। ਵਾਈਸ ਚਾਂਸਲਰ ਡਾ. ਏ.ਐਸ. ਚਾਵਲਾ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਰਾਸ਼ਟਰੀ ਝੰਡੇ ਅਤੇ ਆਪਣੇ ਦੇਸ਼ ਨੂੰ ਉੱਚੇ ਸਤਿਕਾਰ ਨਾਲ ਰੱਖਣ ਦੀ ਅਪੀਲ ਕੀਤੀ।



ਉਨ੍ਹਾਂ ਨੇ ਆਜ਼ਾਦੀ ਦੇ ਉਦੇਸ਼ ਲਈ ਮਹਾਨ ਸ਼ਹੀਦਾਂ ਦੁਆਰਾ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਗਣਤੰਤਰ ਨੂੰ ਆਕਾਰ ਦੇਣ ਵਿੱਚ ਨੇਤਾਵਾਂ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰ ਕੀਤਾ। ਡਾ. ਚਾਵਲਾ ਨੇ ਸਾਡੇ ਸਾਰਿਆਂ ਲਈ ਸੰਵਿਧਾਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਅਤੇ ਸਾਂਝਾ ਕੀਤਾ ਕਿ ਗਣਤੰਤਰ ਦਿਵਸ ਸਿਰਫ਼ ਇੱਕ ਜਸ਼ਨ ਨਹੀਂ ਹੈ, ਸਗੋਂ ਇੱਕ ਰਾਸ਼ਟਰੀ ਤਿਉਹਾਰ ਹੈ ਜਿਸਨੂੰ ਬਹੁਤ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਜਾਣਾ ਚਾਹੀਦਾ ਹੈ। ਇਹ ਜ਼ਿਕਰਯੋਗ ਹੈ ਕਿ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਨਸ਼ਿਆਂ ਵਿਰੁੱਧ ਲੜਾਈ ਅਤੇ ਮਨੁੱਖਤਾ ਦੀ ਭਲਾਈ ਵਿੱਚ ਅਤੇ ਐਨ ਐਸ ਐਸ ਯੂਨਿਟ ਵੱਲੋਂ ਸੇਵਾਵਾਂ ਲਈ ਸਰਵੋਤਮ ਸਮਾਜਿਕ ਸੇਵਾਵਾਂ ਲਈ ਸਰਟੀਫਿਕੇਟ ਪ੍ਰਦਾਨ ਕਰਕੇ ਮਾਨਤਾ ਦਿੱਤੀ ਗਈ ਸੀ। ਇਸ ਤਿਉਹਾਰ ਵਿੱਚ ਵਿਦਿਆਰਥੀਆਂ ਦੁਆਰਾ ਦੇਸ਼ ਭਗਤੀ ਦੇ ਗੀਤਾਂ, ਕਵਿਤਾਵਾਂ, ਭਾਸ਼ਣਾਂ ਅਤੇ ਭੰਗੜੇ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਵਿਭਿੰਨ ਪ੍ਰਦਰਸ਼ਨ ਸ਼ਾਮਲ ਸਨ। ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਖੁਸ਼ੀ ਦੇ ਮੌਕੇ ਨੂੰ ਮਨਾਉਣ ਲਈ ਮਿਠਾਈਆਂ ਵੰਡੀਆਂ ਗਈਆਂ, ਜਿਸ ਨਾਲ ਦੋਸਤੀ ਅਤੇ ਜਸ਼ਨ ਦੀ ਭਾਵਨਾ ਪੈਦਾ ਹੋਈ। ਸਾਰੇ ਸੀਨੀਅਰ ਅਧਿਕਾਰੀ, ਸਟਾਫ, ਹੋਰ ਅਧਿਕਾਰੀ, ਕਰਮਚਾਰੀ ਅਤੇ ਵਿਦਿਆਰਥੀ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਵਿੱਚ ਇੱਕ ਜੀਵੰਤ ਅਤੇ ਦੇਸ਼ ਭਗਤੀ ਵਾਲਾ ਮਾਹੌਲ ਬਣਾਉਣ ਵਾਲੇ ਜਸ਼ਨਾਂ ਵਿੱਚ ਸ਼ਾਮਲ ਹੋਏ।

## ਸਿਆਲਕਾ ਨੂੰ ਐਸ ਸੀ ਕਮਿਸਨ ਦਾ ਵਾਈਸ ਚੇਅਰਮੈਨ ਲਗਾਉਣ ਨਾਲ ਦਲਿਤ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ - ਸਰਪੰਚ ਗੁਰਬਚਨ ਸਿੰਘ

**ਕਪੂਰਥਲਾ, (ਕੌੜਾ)–** ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਤਰਸੇਮ ਸਿੰਘ ਸਿਆਲਕਾ ਨੂੰ ਐਸ ਸੀ ਕਮਿਸਨ ਦਾ ਵਾਈਸ ਚੇਅਰਮੈਨ ਲਗਾਉਣ ਨਾਲ ਦਲਿਤ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਰਪੰਚ ਗੁਰਬਚਨ ਸਿੰਘ ਬਸਤੀ ਬੂਲਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਦੌਰਾਨ ਸਰਪੰਚ ਗੁਰਬਚਨ ਸਿੰਘ ਨੇ ਕਿਹਾ ਕਿ ਤਰਸੇਮ ਸਿੰਘ ਸਿਆਲਕਾ ਇੱਕ ਬਹੁਤ ਵਧੀਆ ਇਨਸਾਨ ਤੇ ਦੂਰ ਅੰਦੇਸ਼ੀ ਵਾਲੇ ਲੀਡਰ ਹਨ। ਜਿਹਨਾਂ ਨੇ ਹਮੇਸ਼ਾ ਦਲਿਤ ਭਾਈਚਾਰੇ ਦੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਹੈ। ਸਰਪੰਚ ਗੁਰਬਚਨ ਸਿੰਘ ਨੇ ਪੰਜਾਬ ਸਰਕਾਰ ਦੁਆਰਾ ਤਰਸੇਮ ਸਿੰਘ ਸਿਆਲਕਾ ਦੀ ਨਿਯੁਕਤੀ ਦਾ ਭਰਪੂਰ ਸਵਾਗਤ



ਸਰਪੰਚ ਗੁਰਬਚਨ ਸਿੰਘ
ਬਸਤੀ ਬੂਲਪੁਰ

ਕੀਤਾ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਲਗਾਤਾਰ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਨੁਮਾਇੰਦਗੀ ਦੇਣਾ , ਜਿਸ ਵਿੱਚ ਪਹਿਲਾਂ ਜਸਵੀਰ ਸਿੰਘ ਗੜ੍ਹੀ ਨੂੰ ਐੱਸ ਸੀ ਕਮਿਸ਼ਨ ਦਾ ਚੇਅਰਮੈਨ ਲਗਾਉਣਾ ਤੇ ਹੁਣ ਤਰਸੇਮ ਸਿੰਘ ਸਿਆਲਕਾ ਨੂੰ ਐੱਸ ਸੀ ਕਮਿਸ਼ਨ ਦਾ ਵਾਈਸ ਚੇਅਰਮੈਨ ਲਗਾਉਣਾ ਇਸ ਗੱਲ ਦਾ ਸਬੂਤ ਹੈ ਕਿ ਆਮ ਆਦਮੀ ਪਾਰਟੀ ਦਲਿਤ ਭਾਈਚਾਰੇ ਦੀ ਹਮਦਰਦ ਸਰਕਾਰ ਹੈ। ਇਸ ਦੀਆਂ ਤਾਜ਼ਾ ਉਦਾਹਰਣਾਂ ਲਗਾਤਾਰ ਦਲਿਤ ਲੀਡਰਾਂ ਨੂੰ ਨੁਮਾਇੰਦਗੀਆਂ ਦੇਣ ਦੇ ਨਾਲ ਨਾਲ ਦਲਿਤ ਭਾਈਚਾਰੇ ਨੂੰ ਮਿਲ ਰਹੀਆਂ ਸਰਕਾਰੀ ਸਹੂਲਤਾਂ ਇਸ ਗੱਲ ਦੀਆਂ ਮੂੰਹ ਗਵਾਹ ਹਨ। ਇਸ ਮੌਕੇ ਤੇ ਉਹਨਾਂ ਦੇ ਨਾਲ ਸਾਹਿਲ ਰਾਜਪੂਤ ,ਜਥੇਦਾਰ ਬਾਬਾ ਬਲਬੀਰ ਸਿੰਘ ਚੱਕ ਟੋਡਰਵਾਲ ,ਬਾਪੂ ਕਾਬੁਲ ਸਿੰਘ, ਸਿਮਰਨਜੀਤ ਸਿੰਘ ,ਰੋਹਿਤ ਗਿੱਲ, ਸਨੀ ਬੂਲਪੁਰ, ਮੰਗਤ ਰਾਮ, ਪ੍ਰਕਾਸ਼, ਸਨੀ ਸੁਲੀ ਆਦਿ ਹਾਜ਼ਰ ਸਨ।

# ਮੇਅਰ ਸੁਰਿੰਦਰ ਕੁਮਾਰ ਨੇ ਰਾਸ਼ਟਰੀ ਝੰਡਾ ਫਹਿਰਾਇਆ ਅਤੇ ਨਾਗਰਿਕਾਂ ਨੂੰ ਦਿੱਤੀਆਂ ਸ਼ੁੱਭਕਾਮਨਾਵਾਂ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** – ਹੁਸ਼ਿਆਰਪੁਰ ਨਗਰ ਨਿਗਮ ਵਿਖੇ 77ਵਾਂ ਗਣਤੰਤਰ ਦਿਵਸ ਸ਼ਰਧਾ, ਮਾਣ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਨਗਰ ਨਿਗਮ ਦੇ ਅਧਿਕਾਰੀ ਅਤੇ ਕਰਮਚਾਰੀ, ਯੂਨੀਅਨ ਅਧਿਕਾਰੀ ਅਤੇ ਵੱਖ-ਵੱਖ ਵਾਰਡਾਂ ਦੇ ਕੌਂਸਲਰ ਮੌਜੂਦ ਸਨ। ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਨੇ ਨਗਰ ਨਿਗਮ ਗਰਾਊਂਡ ਵਿਖੇ ਰਾਸ਼ਟਰੀ ਝੰਡਾ ਫਹਿਰਾਇਆ। ਇਸ ਉਪਰੰਤ ਰਾਸ਼ਟਰੀ ਗਾਣ ਹੋਇਆ। ਇਸ ਪਵਿੱਤਰ ਸਮਾਰੋਹ ਵਿੱਚ ਹੁਸ਼ਿਆਰਪੁਰ ਨਗਰ ਨਿਗਮ ਦੇ ਕਮਿਸ਼ਨਰ ਜਿਓਤੀ ਬਾਲਾ ਮੱਟੂ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਨਾਗਰਿਕਾਂ ਨੂੰ ਸੰਬੋਧਨ ਕਰਦੇ ਹੋਏ ਮੇਅਰ ਸੁਰਿੰਦਰ ਕੁਮਾਰ ਨੇ ਗਣਤੰਤਰ ਦਿਵਸ ਦੀਆਂ ਦਿਲੋਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਨੂੰ ਯਾਦ ਕੀਤਾ। ਮੇਅਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹੁਸ਼ਿਆਰਪੁਰ ਨੂੰ ਸਾਫ਼-ਸੁਥਰਾ ਰੱਖਣ ਲਈ ਨਗਰ ਨਿਗਮ ਦਾ ਸਹਿਯੋਗ ਕਰਨ, ਆਪਣੇ ਘਰਾਂ ਤੋਂ ਗਿੱਲਾ ਅਤੇ ਸੁੱਕਾ ਕੂੜਾ ਵੱਖ ਕਰਕੇ ਸਫ਼ਾਈ ਕਰਮਚਾਰੀਆਂ ਨੂੰ ਸੌਂਪਣ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਖੇਤਰ ਦੇ ਵਾਰਡ 1 ਤੋਂ 50 ਵਿੱਚ ਲੱਗਭਗ 29 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਸ਼ਹਿਰ ਨੂੰ ਬਿਹਤਰ ਰੋਸ਼ਨੀ ਪ੍ਰਦਾਨ ਕਰਨ ਲਈ 6 ਕਰੋੜ ਦੀ ਲਾਗਤ ਨਾਲ ਆਧੁਨਿਕ ਸਟਰੀਟ ਲਾਈਟਾਂ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਇਲਾਵਾ 'ਰੰਗਲਾ ਪੰਜਾਬ ਯੋਜਨਾ' ਤਹਿਤ 30 ਲੱਖ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ 15 ਲੱਖ ਦੀ ਲਾਗਤ ਨਾਲ ਇਕ ਸ਼ਵ ਵਾਹਨ ਗੱਡੀ ਖ਼ਰੀਦੀ ਜਾ ਰਹੀ ਹੈ। ਸੜਕ



ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਬਲੈਕ ਸਪਾਟਾਂ ਦੀ ਪਛਾਣ ਕੀਤੀ ਗਈ ਹੈ। ਪਹਿਲੇ ਪੜਾਅ ਵਿੱਚ ਸਰਕਾਰੀ ਕਾਲਜ ਚੌਕ ''ਤੇ 28 ਲੱਖ ਦੀ ਲਾਗਤ ਨਾਲ ਵਿਸ਼ੇਸ਼ ਸੜਕ ਨਿਰਮਾਣ, ਬਲਿੰਕਰ ਲਾਈਟਾਂ, ਜ਼ੈਬਰਾ ਕਰਾਸਿੰਗ ਅਤੇ ਸਪੀਡ ਬ੍ਰੇਕਰ ਲਗਾਏ ਗਏ ਹਨ। ਹੁਣ ਤੱਕ ਸ਼ਹਿਰ ਵਿੱਚ 100 ਫੀਸਦੀ ਪਾਣੀ ਦੀ ਸਪਲਾਈ ਅਤੇ ਸੀਵਰੇਜ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ 2 ਕਰੋੜ ਖਰਚ ਕੀਤੇ ਜਾ ਚੁੱਕੇ ਹਨ ਜਦੋਂ ਕਿ 3 ਕਰੋੜ ਦੀ ਲਾਗਤ ਨਾਲ 11 ਨਵੇਂ ਟਿਊਬਵੈੱਲ ਲਗਾਏ ਜਾ ਰਹੇ ਹਨ। ਬਰਸਾਤ ਦੇ ਮੌਸਮ ਦੌਰਾਨ ਪਾਣੀ ਭਰਨ ਦੀ ਸਮੱਸਿਆ ਨੂੰ ਹੱਲ ਕਰਨ ਲਈ 60 ਲੱਖ ਦੀ ਲਾਗਤ ਨਾਲ ਵੱਡੇ ਅਤੇ ਛੋਟੇ ਨਾਲਿਆਂ ਦੀ ਸਫ਼ਾਈ ਕੀਤੀ ਜਾ ਰਹੀ ਹੈ। ਨਗਰ ਨਿਗਮ ਨੇ ਸ਼ਹਿਰ ਦੇ ਵੱਖ-ਵੱਖ ਪਾਰਕਾਂ ਦੇ ਰੱਖ-ਰਖਾਅ ਅਤੇ ਸੁੰਦਰੀਕਰਨ ਲਈ 1 ਕਰੋੜ ਮਨਜ਼ੂਰ ਕੀਤੇ ਹਨ। ਇਸ ਵਿੱਚ 27 ਲੱਖ ਦੀ ਲਾਗਤ ਨਾਲ ਸਵੇਰ ਦੀ ਸੈਰ ਦੇ ਟਰੈਕ, ਮੁਰੰਮਤ ਅਤੇ ਬੈਂਚ ਲਗਾਉਣਾ ਸ਼ਾਮਿਲ ਹੈ। 45 ਲੱਖ ਦੀ ਲਾਗਤ ਨਾਲ ਪ੍ਰੈਜ਼ੀਡੈਂਸੀ ਹੋਟਲ ਤੋਂ ਰੋਸ਼ਨ ਗਰਾਊਂਡ ਤੱਕ ਸੜਕਾਂ ਬਣਾਈਆਂ ਗਈਆਂ ਹਨ ਅਤੇ ਸੈਂਟਰ ਵਰਜ 'ਤੇ ਆਧੁਨਿਕ ਸਟ੍ਰੀਟ ਲਾਈਟਾਂ ਲਗਾਈਆਂ ਗਈਆਂ ਹਨ।

ਸ਼ਹਿਰ ਵਾਸੀਆਂ ਨੂੰ ਇਕ ਜਗ੍ਹਾ 'ਤੇ ਸਾਫ਼ ਅਤੇ ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨ ਲਈ 70 ਲੱਖ ਦੀ ਲਾਗਤ ਨਾਲ ਇਕ ਫੂਡ ਸਟ੍ਰੀਟ ਬਣਾਈ ਗਈ ਹੈ, ਜਿਸ ਵਿੱਚ ਲੱਗਭਗ 50 ਫੂਡ ਆਊਟਲੈੱਟ ਲਗਾਏ ਗਏ ਹਨ। ਇਸ ਤੋਂ ਇਲਾਵਾ ਆਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਇਕ ਨਸਬੰਦੀ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ ਹੁਣ ਤੱਕ 1,592 ਆਵਾਰਾ ਕੁੱਤਿਆਂ ਦੀ ਨਸਬੰਦੀ ਕੀਤੀ ਜਾ ਚੁੱਕੀ ਹੈ। ਹਾਕਰਾਂ ਅਤੇ ਸਟ੍ਰੀਟ ਵਿਕਰੇਤਾਵਾਂ ਨੂੰ ਸਵੈ-ਨਿਰਭਰ ਬਣਾਉਣ ਲਈ 10,000, 20,000 ਅਤੇ 50,000 ਦੇ ਕਰਜ਼ੇ ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਪਹਿਲਕਦਮੀ ਤੋਂ ਹਜ਼ਾਰਾਂ ਲਾਭਪਾਤਰੀ ਪਹਿਲਾਂ ਹੀ ਲਾਭ ਉਠਾ ਚੁੱਕੇ ਹਨ। ਬੇਘਰ ਪਰਿਵਾਰਾਂ ਨੂੰ ਘਰ ਮੁਹੱਈਆ ਕਰਵਾਉਣ ਲਈ ਪਹਿਲੇ ਪੜਾਅ ਵਿੱਚ 258 ਲਾਭਪਾਤਰੀਆਂ ਨੂੰ 4 ਕਰੋੜ ਰੁਪਏ ਵੰਡੇ ਗਏ ਸਨ ਅਤੇ ਦੂਜੇ ਪੜਾਅ ਵਿੱਚ 337 ਪਰਿਵਾਰਾਂ ਨੂੰ 9 ਕਰੋੜ ਰੁਪਏ ਦਿੱਤੇ ਜਾ ਰਹੇ ਹਨ।

ਵਾਤਾਵਰਨ ਸੁਰੱਖਿਆ 'ਤੇ ਜ਼ੋਰ ਦਿੰਦੇ ਹੋਏ ਮੇਅਰ ਨੇ ਸਿੰਗਲ-ਯੂਜ਼ ਪਲਾਸਟਿਕ ਤੋਂ ਬਚਣ ਅਤੇ ਜੂਟ, ਕਾਗਜ਼ ਅਤੇ ਸਟੀਲ ਵਰਗੀਆਂ ਵਾਤਾਵਰਨ ਅਨੁਕੂਲ ਸਮੱਗਰੀਆਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਅੰਤ ਵਿੱਚ ਮੇਅਰ ਸੁਰਿੰਦਰ ਕੁਮਾਰ ਨੇ ਇਕ ਵਾਰ ਫਿਰ ਸਾਰੇ ਨਾਗਰਿਕਾਂ ਨੂੰ 77ਵੇਂ ਗਣਤੰਤਰ ਦਿਵਸ 'ਤੇ ਆਪਣੀਆਂ ਦਿਲੋਂ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵਾਰਡ ਨੰਬਰ 5 ਦੀ ਕੌਂਸਲਰ ਮੀਨਾ ਸ਼ਰਮਾ, ਵਾਰਡ ਨੰਬਰ 20 ਜਸਵੰਤ ਰਾਏ, ਵਾਰਡ ਨੰਬਰ 49 ਸੁਨੀਤਾ ਦੇਵੀ, ਵਾਰਡ ਨੰਬਰ 43 ਆਸ਼ਾ ਦੱਤਾ, ਵਾਰਡ ਨੰਬਰ 12 ਅਮਰੀਕ ਚੌਹਾਨ, ਵਾਰਡ ਨੰਬਰ 7 ਨਰਿੰਦਰ ਕੌਰ ਅਤੇ ਕਾਮਰੇਡ ਗੰਗਾ ਪ੍ਰਸਾਦ ਸਮੇਤ ਹੋਰ ਪਤਵੰਤੇ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਫੋਟੋ ਅਜਮੇਰ ਦੀਵਾਨਾ

# ਫਿੱਟ ਬਾਈਕਰ ਕਲੱਬ ਨੇ ਗਣਤੰਤਰ ਦਿਵਸ ਮਨਾਇਆ, ਰੈਲੀ ਦਾ ਕੀਤਾ ਆਯੋਜਨ




**ਹੁਸ਼ਿਆਰਪੁਰ (ਤਰਸੇਮ ਦੀਵਾਨਾ)** – ਪ੍ਰਧਾਨ ਪਰਮਜੀਤ ਸਿੰਘ ਸਚਦੇਵਾ ਦੀ ਅਗਵਾਈ ਹੇਠ ਫਿੱਟ ਬਾਈਕਰ ਕਲੱਬ ਨੇ ਗਣਤੰਤਰ ਦਿਵਸ 'ਤੇ ਬੂਲਾਵਾੜੀ ਸਥਿਤ ਸਚਦੇਵਾ ਸਟਾਕਸ ਮੁੱਖ ਦਫਤਰ ਵਿਖੇ ਤਿਰੰਗਾ ਝੰਡਾ ਲਹਿਰਾਇਆ। ਸਾਵਿਤਰੀ ਪਲਾਈਵੁੱਡ ਦੇ ਮੈਨੇਜਿੰਗ ਡਾਇਰੈਕਟਰ ਮੁਕੇਸ਼ ਗੋਇਲ ਸਾਈਕਲ ਰੈਲੀ ਨੂੰ ਹਰੀ ਝੰਡੀ ਦਿਖਾਉਣ ਲਈ ਮੌਜੂਦ ਸਨ। ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ, ਕਲੱਬ ਮੈਂਬਰਾਂ ਨੇ ਸ਼ਹਿਰ ਭਰ ਵਿੱਚ ਇੱਕ ਸਾਈਕਲ ਰੈਲੀ ਦਾ ਆਯੋਜਨ ਕੀਤਾ, ਜਿਸ ਵਿੱਚ 100 ਤੋਂ ਵੱਧ ਮੈਂਬਰਾ ਨੇ ਹਿੱਸਾ ਲਿਆ । ਸਾਈਕਲ ਰੈਲੀ ਸਚਦੇਵਾ ਸਟਾਕਸ ਮੁੱਖ ਦਫਤਰ ਤੋਂ ਸ਼ੁਰੂ ਹੋਈ ਅਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਲੰਘਦੀ ਹੋਈ ਸ਼ਹੀਦ ਊਧਮ ਸਿੰਘ ਮਾਰਕੀਟ ਵਿਖੇ ਸਮਾਪਤ ਹੋਈ। ਮੌਜੂਦ ਲੋਕਾਂ ਵਿੱਚ ਉੱਤਮ ਸਿੰਘ ਸਾਬੀ, ਮੁਨੀਰ ਨਜ਼ਰ, ਓਕਾਰ ਸਿੰਘ, ਗੁਰਮੇਲ ਸਿੰਘ, ਤਰਲੋਚਨ ਸਿੰਘ, ਸੌਰਵ ਸ਼ਰਮਾ, ਰੋਹਿਤ ਬਾਸੀ, ਹਰਕ੍ਰਿਸ਼ਨ ਕਾਜਲਾ, ਬਲਵਿੰਦਰ ਰਾਣਾ, ਖੁਸ਼ੀ ਰਾਮ ਧੀਮਾਨ, ਸਾਗਰ ਸੈਣੀ ਅਤੇ ਸੰਜੀਵ ਸੋਹਲ ਸ਼ਾਮਲ ਸਨ।

**ਫੋਟੋ ਅਜਮੇਰ ਦੀਵਾਨਾ**

# ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਦੇ ਦੋ ਧਾਰਮਿਕ ਗੀਤਾਂ 'ਗੁਰੂ ਰਵਿਦਾਸ ਨੂੰ ਧਿਆਈਐ' ਤੇ 'ਬੰਦੇ ਰੱਬ ਦੇ' ਨੂੰ ਸੋਸ਼ਲ ਮੀਡੀਆ ਸਾਈਟਸ ਤੇ ਮਿਲ ਰਿਹੈ ਭਰਵਾਂ ਹੁੰਗਾਰਾ






**ਫਿਲੌਰ/ਅੱਪਰਾ, (ਦੀਪਾ)**- ਪ੍ਰਸਿੱਧ ਪੰਜਾਬੀ ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਦੇ ਨਵੇਂ ਦੋ ਧਾਰਮਿਕ ਗੀਤਾਂ 'ਗੁਰੂ ਰਵਿਦਾਸ ਨੂੰ ਧਿਆਈਐ' ਤੇ 'ਬੰਦੇ ਰੱਬ ਦੇ' ਨੂੰ ਸੋਸ਼ਲ ਮੀਡੀਆ ਸਾਈਟਸ ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੇਸ਼ਕਾਰ ਤਲਵਿੰਦਰ ਸਿੰਘ ਨੇ ਦੱਸਿਆ ਕਿ ਇਨਾਂ ਗੀਤਾਂ ਨੂੰ ਕਮਲ ਮਿਊਜਿਕ ਰਿਕ-ਾਰਡ ਵਲੋਂ ਮਾਰਕੀਟ 'ਚ ਪੇਸ਼ ਕੀਤਾ ਜਾ ਰਿਹਾ ਹੈ । ਇਨ੍ਹਾਂ ਗੀਤਾਂ ਨੂੰ ਗੀਤਕਾਰ ਕੁਲਵੀਰ ਲੱਲੀਆਂ ਨੇ ਖੁਦ ਹੀ ਕਲਮਬੱਧ ਕੀਤਾ ਹੈ ਤੇ ਖੁਦ ਹੀ ਗਾਇਆ ਹੈ।ਇਨਾਂ ਧਾਰਮਿਕ ਗੀਤਾਂ ਨੂੰ ਨੌਜਵਾਨ ਸੰਗੀਤਕਾਰ ਲੱਕੀ ਅੱਪਰਾ ਨੇ ਸੰਗੀਤਕ ਧੁਨਾਂ 'ਚ ਪਿਰੋਇਆ ਹੈ । ਪੇਸ਼ਕਾਰ ਤਲਵਿੰਦਰ ਢਿੱਲੋਂ ਤੇ ਗਾਇਕ ਕੁਲਵੀਰ ਲੱਲੀਆਂ ਨੇ ਆਸ ਪ੍ਰਗਟਾਈ ਹੈ ਕਿ ਸਰੋਤੇ ਉਨਾਂ ਦੇ ਇਸ ਧਾਰਮਿਕ ਗੀਤ ਨੂੰ ਪਹਿਲਾਂ ਆਏ ਗੀਤਾਂ ਦੀ ਤਰਾਂ ਭਵਿੱਖ ਵਿੱਚ ਹੋਰ ਵੀ ਭਰਵਾਂ ਮਾਣ ਤੇ ਸਤਿਕਾਰ ਦੇਣਗੇ ।




# ਫਿਲੌਰ ਦੇ ਪਿੰਡ ਗੜਾ ਵਿਖੇ ਤੇਜ ਰਫਤਾਰ ਕਾਰ ਦੀ ਟੱਕਰ ਦੌਰਾਨ ਲੜਕੀ ਦੀ ਹੋਈ ਮੌਤ,ਕਾਰ ਚਾਲਕ ਵੀ ਹੋਇਆ ਜਖਮੀ

**ਫਿਲੌਰ/ਅੱਪਰਾ, (ਦੀਪਾ)**-ਬੀਤੇ ਕੱਲ ਫਿਲੋਰ ਦੇ ਨਜਦੀਕ ਪਿੰਡ ਗੜਾ ਵਿਖੇ ਤੇਜ ਰਫਤਾਰ ਕਾਰ ਦੀ ਟੱਕਰ ਦੌਰਾਨ ਇਕ ਲੜਕੀ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਮਿਲਿਆ ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆ ਮ੍ਰਿਤਕਾ ਲੜਕੀ ਮੁਸਕਾਨ (12)ਪੁੱਤਰੀ ਸਰਬਜੀਤ ਵਾਸੀ ਗੜਾ ਦੀ ਭੂਆ ਪ੍ਰਵੀਨ ਨੇ ਦੱਸਿਆ ਕਿ ਮੇਰੀ ਭਤੀਜੀ ਜੋ ਸੰਧਿਆ ਫੇਰੀ ਤੋ ਗੁਰਦੁਆਰਾ ਸਾਹਿਬ ਤੋ ਵਾਪਸ ਆ ਰਹੀ ਸੀ ਤੇ ਇਕ ਤੇਜ ਰਫਤਾਰ ਕਾਰ ਨੇ ਪਿਛਿਓ ਟੱਕਰ ਮਾਰ ਦਿਤੀ ਤੇ ਲੜਕੀ ਨੂੰ ਫਿਲੋਰ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ ਜਿਥੇ ਡਾਕਟਰਾਂ ਨੇ ਮ੍ਰਿਤਕ ਕਰਾਰ ਦਿਤਾ ਤੇ ਗੱਡੀ ਜਿਆਦਾ ਤੇਜ ਰਫਤਾਰ ਹੋਣ ਕਾਰਨ ਲੜਕੀ ਦਰੱਖਤ ਨਾਲ ਟਕਰਾ ਗਈ ਤੇ ਗੱਡੀ ਡਰਾਈਵਰ ਦਲਜੀਤ ਸਿੰਘ ਵੀ ਜ਼ਖ਼ਮੀ ਹੋ ਗਿਆ।ਉਨਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਾਨੂੰ ਇਨਸਾਫ ਦਿਵਾਇਆ ਜਾਵੇ ਮੌਕੇ ਤੇ ਪੁੱਜੇ ਏ ਐਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ



ਡਰਾਈਵਰ ਗੰਭੀਰ ਜਖਮੀ ਹੋ ਗਿਆ ਜਿਸ ਨੂੰ ਇਲਾਜ ਲਈ ਜਲੰਧਰ ਭੇਜ ਦਿਤਾ ਗਿਆ ਤੇ ਇਸ ਗੱਡੀ ਵਾਲੇ ਇਕ ਸਕੂਟਰ ਸਵਾਰ ਨੂੰ ਟੱਕਰ ਮਾਰ ਜਖਮੀ ਕੀਤਾ ਤੇ ਗੱਡੀ ਡਰਾਈਵਰ ਦਲਜੀਤ ਸਿੰਘ ਖਿਲਾਫ ਮੁਕੱਦਮਾ ਦਰਜ ਕਰ ਲਿਆ ਤੇ ਅਗਲੀ ਕਾਰਵਾਈ ਆਰੰਭ ਕਰ ਦਿਤੀ ਗਈ ਮ੍ਰਿਤਕਾ ਲੜਕੀ ਦਾ ਸਸਕਾਰ ਕਰ ਕਰ ਦਿਤਾ ਗਿਆ ਪਰਿਵਾਰਕ ਮੈਂਬਰਾਂ ਦਾ ਰੋ ਰੋ ਬੁਰਾ ਹਾਲ ਸੀ।

# ਅਮਰਗੜ੍ਹ ਚ ਗਣਤੰਤਰਤਾ ਦਿਵਸ ਮੌਕੇ ਐਸ. ਡੀ.ਐਮ ਸ਼੍ਰੀਮਤੀ ਸੁਰਿੰਦਰ ਕੌਰ ਨੇ ਰਾਸ਼ਟਰੀ ਝੰਡਾ ਲਹਿਰਾਇਆ

**ਅਮਰਗੜ੍ਹ– (ਕੁਲਵੰਤ ਸਿੰਘ ਮੁਹਾਲੀ)** 26 ਜਨਵਰੀ 1950 ਨੂੰ ਸਾਡੇ ਦੇਸ਼ ਦਾ ਲਿਖਤੀ ਸੰਵਿਧਾਨ ਜ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਅਗਵਾਈ ਵਾ.ਲੀ ਸੰਵਿਧਾਨ ਬਣਾਉਣ ਵਾ.ਲੀ ਕਮੇਟੀ ਵੱਲੋਂ 02 ਸਾਲ 11 ਮਹੀਨੇ 18 ਦਿਨ ਵਿੱਚ ਤਿਆਰ ਗਿਆ ਸੀ, ਉਸਨੂੰ ਅੱਜ ਦੇ ਦਿਨ ਲਾਗੂ ਕੀਤਾ ਗਿਆ ਗਿਆ ਸੀ। ਸਬੰਧੀ ਉਦੋਂ ਤੋਂ ਲੈ ਕੇ ਹੁਣ ਤੱਕ 26 ਜਨਵਰੀ ਨੂੰ ਸਾਡੇ ਦੇਸ਼ ਵਿੱਚ ਗੜਤਾ ਤੜਤਾ ਦਿਵਸ ਦੇ ਰੂਪ ਵਿੱਚ ਹਰ ਸਾਲ ਸਾਨੋ ਸੌਕਤ ਨਾਲ ਮਨਾਇਆ ਜਾਂਦਾ ਹੈ ਇਸੇ ਲੜੀ ਤਹਿਤ ਅੱਜ ਪੀ.ਐਮ.ਸ਼੍ਰੀ.ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮਰਗੜ੍ਹ ਵਿਖੇ ਦੇ 26 ਜਨਵਰੀ ਦੇ ਸਬੰਧ ਵਿੱਚ ਮਨਾਏ ਗਏ 77ਵੇਂ ਗਣਤੰਤਰਤਾ ਦਿਵਸ ਸਬੰਧੀ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੇ ਐਸ.ਡੀ.ਐਮ.ਅਮਰਗੜ੍ਹ ਸ਼੍ਰੀਮਤੀ ਸੁਰਿੰਦਰ ਕੌਰ ਵੱਲੋ ਰਾਸਟਰੀ ਝੰਡਾ ਲਹਿਰਾਉਣ ਦੀ ਰਸ਼ਮ ਅਦਾ ਕੀਤੀ।ਇਸ ਮੌਕੇ ਥਾਣਾ ਅਮਰਗੜ੍ਹ ਦੀ ਏ.ਐਸ.ਆਈ.ਮਾਲਵਿੰਦਰ ਸਿੰਘ ਦੀ ਅਗਵਾਈ ਵਾਲੀ ਹਥਿਆਰਬੰਦ ਪੁਲਿਸ ਪਾਰਟੀ ਵੱਲੋ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਉਪਰੰਤ ਸਰਕਾਰੀ ਐਮੀਨੈਂਸ ਸਕੂਲ ਬਾਗੜੀਆਂ ਦੇ ਵਿਦਿਆਰਥੀਆਂ ਵੱਲੋ ਰਾਸ਼ਟਰੀ ਗੀਤ ਗਾਇਆ ਗਿਆ।ਇਸ ਤੋਂ ਬਾਅਦ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋ ਦੇਸ਼ ਭਗਤੀ ਨਾਲ ਸਬੰਧਤ ਗੀਤ ਗਾਏ ਗਏ।ਡੀ.ਪੀ ਬਲਜੀਤ ਸਿੰਘ ਵੱਲੋਂ ਰਾਸ਼ਟਰੀ ਝੰਡਾ ਬਣਾਉਣ ਅਤੇ ਸਟੇਜ ਸਕੱਤਰ ਦੀ ਡਿਊਟੀ ਮਾ ਗਗਨਦੀਪ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।

ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਖੇੜੀ ਸੋਢੀਆਂ ਦੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਸਬੰਧੀ ਕਵੀਸ਼ਰੀ ਗਾਈ, ਪੀ.ਐਮ.ਸ਼੍ਰੀ.ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮਰਗੜ੍ਹ ਦੇ ਵਿਦਿਆਰਥੀਆਂ ਵੱਲੋਂ " ਮੇਰਾ ਦੇਸ਼ ਹੋਵੇ ਪੰਜਾਬ ਵਰਗਾ " ਗੀਤ ਉਪਰ ਗਰੁੱਪ ਡਾਂਸ ਕੀਤਾ ਗਿਆ, ਸਕੂਲ ਆਫ਼ ਐਮੀਨੈਂਸ ਬਾਗੜੀਆਂ ਦੇ ਵਿਦਿਆਰਥੀਆਂ ਵੱਲੋਂ ਗਰੁੱਪ ਸੌਂਗ ਗਾਇਆ ਗਿਆ, ਸਰਕਾਰੀ ਮਿਡਲ ਸਕੂਲ ਮੁਹਾਲੀ ਦੇ ਵਿਦਿਆਰਥੀਆਂ ਵੱਲੋਂ " ਦਮੂਕਾਂ ਬੀਜ਼ਦਾਂ " ਕਵੀਸ਼ਰੀ ਗਾਈ ਗਈ, ਸਰਕਾਰੀ ਹਾਈ ਸਕੂਲ ਨੰਗਲ ਦੇ ਵਿਦਿਆਰਥੀਆਂ ਵੱਲੋਂ ਗਰੁੱਪ ਸੌਂਗ ਗਾਇਆ ਗਿਆ, ਸਰਕਾਰੀ ਸੀਨੀ. ਸੈਕੰਡਰੀ ਸਕੂਲ ਚੌਂਦਾ ਦੇ ਵਿਦਿਆਰਥੀਆਂ ਨੇ "ਰੰਗਲਾ ਪੰਜਾਬ" ਗੀਤ ਰਾਹੀਂ ਗਰੁੱਪ ਡਾਂਸ ਕੀਤਾ ਗਿਆ। ਸਮਾਗਮ ਦੌਰਾਨ ਪੀ.ਐਮ.ਸ਼੍ਰੀ.ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮਰਗੜ੍ਹ ਦੇ ਵਿਦਿਆਰਥੀਆਂ ਵੱਲੋਂ "ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ" ਨੂੰ ਫਾਂਸੀ ਦੀ ਸਜ਼ਾ ਸੁਣਾਉਣ ਤੋਂ ਬਾਅਦ ਮੌਤ ਨਾਲ ਕਲੋਲਾਂ ਕਰਨ ਸਬੰਧੀ ਇੱਕ ਗੀਤ ਉਪਰ ਕੋਰੀਓਗ੍ਰਾਫੀ ਕਰਕੇ ਸਮਾਗਮ ਨੂੰ ਚਾਰ ਚੰਨ ਲਗਾਉਂਦੇ ਹੋਏ ਸ਼ਿਖਰਾਂ ਤੇ ਪਹੁੰਚਾਅ ਦਿੱਤਾ ਜਿਸਨੇ ਸਰੋਤਿਆਂ ਨੂੰ ਬਹੁਤ ਪ੍ਰਭਾਵਤ ਕੀਤਾ, ਜਿਸ ਤੋਂ ਬਾਅਦ ਸਰਬਜੀਤ ਸਿੰਘ ਗੋਗੀ ਸਰਪੰਚ ਵੱਲੋਂ ਉਨ੍ਹਾਂ ਨੂੰ ਗਿਆਰਾਂ ਸੌ ਰੁਪਏ ਨਗਦ ਇਨਾਮ ਵਜੋਂ ਦੇਕੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ।ਇਸ ਮੌਕੇ ਮੌਕੇ ਦੇਸ਼ ਦੇ ਅਜ਼ਾਦੀ ਘੁਲਾਟੀਏ ਪਰਿਵਾਰਾਂ ਅਤੇ ਕ ਾਰਗਿਲ ਦੇ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਸਮਾਗਮ ਦੇ ਅਖੀਰ ਵਿੱਚ ਬੱਚਿਆਂ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਆਏ ਮਹਿਮਾਨਾਂ ਨੂੰ ਮਠਿਆਈ ਵੰਡੀ ਗਈ।

ਇਸ ਮੌਕੇ ਨਾਇਬ ਤਹਿਸੀਲਦਾਰ ਅਮਰਗੜ੍ਹ ਸ ਲਵਦੀਪ ਸਿੰਘ, ਸ ਕੁਲਵੰਤ ਸਿੰਘ ਗਰੇਵਾਲ ਪ੍ਰਿੰਸੀਪਲ ਅਮਰਗੜ੍ਹ ਸਕੂਲ, ਵਾਈਸ ਪ੍ਰਿੰ.ਜਸਵਿੰਦਰ ਸਿੰਘ, ਇੰਦਰਜੀਤ ਸਿੰਘ ਡੀ ਪੀ, ਲੈਕ ਹਰਪ੍ਰੀਤ ਸਿੰਘ ਭੰਗੂ, ਲੈਕ. ਕੁਲਵੰਤ ਸਿੰਘ ਭੈਣੀ,ਸਰਬਜੀਤ ਸਿੰਘ ਗੋਗੀ,ਵਾਈਸ ਪ੍ਰਧਾਨ ਗੁਰਦਾਸ ਸਿੰਘ, ਐਮ ਸੀ ਸ਼ੇਰ ਸਿੰਘ, ਐਮ.ਸੀ ਸਰਧਾ ਰਾਮ, ਚੇਅਰਮੈਨ ਰੂਪ ਸਿੰਘ ਅਮਰਗੜ੍ਹ, ਨੰਬਰਦਾਰ ਪਰਮਜੀਤ ਸਿੰਘ, ਮੈਡਮ ਰਚਨਾ ਕਾਮਰਾ ਬਾਗੜੀਆ, ਫੂਡ ਸਪਲਾਈ ਵਿਭਾਗ ਵੱਲੋਂ ਇੰ ਮਨੋਜ ਕੁਮਾਰ ਤੇ ਸਟਾਫ, ਮੈਡਮ ਗੁਰਸ਼ਰਨ ਕੌਰ ਬਾਗੜੀਆਂ, ਮਾਰਕੀਟ ਕਮੇਟੀ ਅਮਰਗੜ੍ਹ ਵੱਲੋਂ ਮਨਪ੍ਰੀਤ ਕੌਰ, ਰਮਨਪ੍ਰੀਤ ਕੌਰ, ਐਸ.ਡੀ.ਓ ਮਨਦੀਪ ਸਿੰਘ, ਸੁੱਖਵਿੰਦਰ ਸਿੰਘ ਅਮਰਗੜ੍ਹ, ਰੀਡਰ ਧਰਮ ਸਿੰਘ,ਮੁੱਖ ਅਧਿਆਪਕ ਰਾਮਪੁਰ ਛੰਨਾ ਗੁਰਜੰਟ ਸਿੰਘ, ਮਾ ਅਮਰਿੰਦਰ ਸਿੰਘ ਸਟੇਟ ਅਵਾਰਡੀ, ਸਮੂਹ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਹਲਕੇ ਦੇ ਲੋਕ ਹਾਜਰ ਸਨ। ਫੋਟੋ ਕੁਲਵੰਤ ਸਿੰਘ ਮੁਹਾਲੀ





# ਮਾਛੀਵਾੜਾ ਬਲਾਕ ਕਾਂਗਰਸ ਕਮੇਟੀ ਨੇ 26 ਜਨਵਰੀ ਮਨਾਈ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਸਮੁੱਚੇ ਦੇਸ਼ ਵਿੱਚ ਗਣਤੰਤਰ ਦਿਵਸ ਦੇ ਤੌਰ ਉੱਤੇ ਦੇਸ਼ ਭਗਤੀ ਨਾਲ 26 ਜਨਵਰੀ ਦਾ ਦਿਨ ਮਨਾਇਆ ਜਾਂਦਾ ਹੈ ਅੱਜ 26 ਜਨਵਰੀ ਦੇ ਦਿਨ ਉੱਤੇ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਸਾਹਿਬ ਨੇ 26 ਜਨਵਰੀ ਮਨਾਈ। ਮਹੀਨਾ ਵਾਰ ਮੀਟਿੰਗ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦੀ ਅਗਵਾਈ ਵਿੱਚ ਹੋਈ। ਇਹ ਮੀਟਿੰਗ ਰੁਪਿੰਦਰ ਸਿੰਘ ਰਾਜਾ ਗਿੱਲ ਸਮਰਾਲਾ ਹਾਊਸ ਦੇ ਵਿੱਚ ਹੋਈ। 26 ਜਨਵਰੀ ਨੂੰ 77ਵਾਂ ਗਣਤੰਤਰ ਦਿਵਸ ਮਨਾਇਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਰਾਸ਼ਟਰੀ ਨਿਰਮਾਣ ਤੇ ਬਾਅਦ ਦੇ ਵਿੱਚ ਬਲਾਕ ਮਾਛੀਵਾੜਾ ਸਾਹਿਬ ਦੇ ਪਿੰਡ ਰੋਹਲੇ ਵਿਖੇ ਚਾਈਨਾ ਡੋਰ ਦੇ ਕਾਰਨ ਮੌਤ ਦੇ ਮੂੰਹ ਵਿੱਚ ਪਏ ਤਰਨਜੋਤ ਸਿੰਘ ਵੀ ਬੇਵਕਤੀ ਮੌਤ ਤੇ ਅਫਸੋਸ ਦਾ ਪ੍ਰਗਟਾਵਾ ਕੀਤਾ। ਆਉਣ ਵਾਲੀਆਂ ਯੂਥ ਕਾਂਗਰਸ ਦੀ ਵੋਟਾਂ ਵਿੱਚ ਯੂਥ ਕਾਂਗਰਸ ਦੇ ਸਾਥੀਆਂ ਨੂੰ ਸਰਗਰਮ ਰਹਿਣ ਲਈ ਕਿਹਾ ਹੈ ਡਾਕਟਰ ਭੀਮ ਰਾਓ ਅੰਬੇਡਕਰ ਦੀਆਂ ਸੰਵਿਧਾਨ ਪ੍ਰਤੀ ਰੱਖਿਆ ਕਰਨ ਦਾ ਪ੍ਰਾਣ ਲਿਆ ਅੱਜ ਦੀ ਇਸ ਮੀਟਿੰਗ ਦੇ ਵਿੱਚ ਬਲਾਕ ਕਾਂਗਰਸ ਦੇ ਬਹੁ ਗਿਣਤੀ ਮੈਂਬਰ ਅਤੇ ਯੂਥ ਕਾਂਗਰਸ ਦੇ ਮੈਂਬਰਾਂ ਨੇ ਸਮੂਲੀਅਤ ਕੀਤੀ ਕਾਂਗਰਸ ਦਾ ਸਾਥ ਦੇਣ ਦਾ ਪ੍ਰਾਣ ਲਿਆ। ਇਸ ਮੌਕੇ ਜਸਪ੍ਰੀਤ ਸਿੰਘ ਸਹਿਜੋ ਮਾਜਰਾ ਵਿਨੀਤ ਕੁਮਾਰ ਝੜੌਦੀ ਜਗਤਾਰ ਸਿੰਘ ਕਕਰਾਲਾ ਕਲਾਂ ਲਖਬੀਰ ਸਿੰਘ ਮਾਣੇਵਾਲ ਕੁਲਵਿੰਦਰ ਸਿੰਘ ਮਾਣੇਵਾਲ ਨੰਦ ਕਿਸ਼ੋਰ ਮੰਡਲ ਪ੍ਰਧਾਨ ਅਮਰਜੀਤ ਸਿੰਘ ਕਾਲਾ ਸਾਬਕਾ ਐਮਸੀ ਰਕੇਸ਼ ਕੁਮਾਰ ਸ਼ਿੰਦੇ ਅਰੁਣ ਖੋਸਲਾ ਜਗਨ ਉਦੋਵਾਲ ਗਗਨਦੀਪ ਬਰਮਾਂ ਸੁਖਦੀਪ ਸਿੰਘ ਗੌਸਗੜ ਸ਼ਮਸ਼ੇਰ ਸਿੰਘ ਬੋਹਾਪਰ ਅਮਨਦੀਪ ਰਾਣਵਾਂ ਅਜੇ ਰਾਣਾ ਅੰਗਰੇਜ਼ ਸਤਾਬਗੜ੍ਹ ਕੁਲਵੰਤ ਸਿੰਘ ਸਰਪੰਚ ਹਜਾਰਾ ਸਿੰਘ ਗੁਰਵੀਰ ਸਿੰਘ ਹੀਰਾ ਜਸਪ੍ਰੀਤ ਭੱਟੀਆਂ ਹਰਪ੍ਰੀਤ ਸਿੰਘ ਮੁਸਕਾਬਾਦ ਜਗਤਾਰ ਖੀਰਨੀਆ ਕੁਲਵਿੰਦਰ ਸੇਰੀਆਂ ਡਾਕਟਰ ਮਨਜੀਤ ਸਿੰਘ ਤੇ ਹੋਰ ਮੈਂਬਰ ਹਾਜਰ ਸਨ।



# ਅਮਨਦੀਪ ਰੌਕੀ ਟੌਂਸਾ ਨੂੰ ਸੋਸ਼ਲ ਮੀਡੀਆ ਬਲਾਕ ਕੋਆਰਡੀਨੇਟਰ ਬਲਾਚੌਰ ਨਿਯੁਕਤ ਕੀਤਾ

## ਪਾਰਟੀ ਹਾਈਕਮਾਂਡ ਦੇ ਤਹਿ ਦਿਲੋਂ ਕੀਤਾ ਧੰਨਵਾਦ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ** )–ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕਾ ਮੈਡਮ ਸੰਤੋਸ਼ ਕਟਾਰੀਆਂ ਵਲੋਂ ਅਮਨਦੀਪ ਰੌਕੀ ਟੌਂਸਾ ਦੀਆਂ ਪਾਰਟੀ ਪ੍ਰਤੀ ਚੰਗੀ ਕਾਰਗੁਜ਼ਾਰੀ ਨੂੰ ਦੇਖਦੇ ਉਨ੍ਹਾਂ ਨੇ ਸੋਸ਼ਲ ਮੀਡੀਆਂ ਬਲਾਕ ਕੋਆਰਡੀਨੇਟਰ ਬਲਾਚੌਰ



ਨਿਯੁਕਤ ਕੀਤਾ ਗਿਆ । ਅਮਨਦੀਪ ਰੌਕੀ ਟੌਂਸਾ ਨੇ ਇਸ ਦੇ ਲਈ ਪਾਰਟੀ ਹਾਈਕਮਾਂਡ ਦੇ ਤਹਿ ਦਿਲੋਂ ਧੰਨਵਾਦ ਕੀਤਾ ਉਨ੍ਹਾਂ ਨੇ ਕਿਹਾ ਕਿ ਪਾਰਟੀ ਵਲੋਂ ਜੋ ਜ਼ਿੰਮੇਦਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਸਨੂੰ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਨਿਭਾਵਾਂਗਾ । ਪਾਰਟੀ ਦੀਆਂ ਨੀਤੀਆਂ ਨੂੰ ਜਨ ਜਨ ਤੱਕ ਪਹੁੰਚਿਆ ਜਾਵੇਗਾ । ਉਨ੍ਹਾਂ ਨੇ ਹਲਕਾ ਵਿਧਾਇਕਾ ਮੈਡਮ ਸੰਤੋਸ਼ ਕਟਾਰੀਆਂ ਅਤੇ ਸਤਨਾਮ ਜਲਾਲਪੁਰ ਚੇਅਰਮੈਨ ਜ਼ਿਲ੍ਹਾਂ ਯੋਜਨਾ ਬੋਰਡ ਤੇ ਹੋਰ ਪਾਰਟੀ ਨੇਤਾਵਾਂ ਦਾ ਧੰਨਵਾਦ ਕੀਤਾ ।

# ਕਾਠਗੜ੍ਹ ਵਿਖੇ 77ਵਾਂ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ

## ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਚੇਅਰਮੈਨ ਸਤਨਾਮ ਜਲਾਲਪੁਰ ਨੇ ਨਿਭਾਈ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਕਸਬਾ ਕਾਠਗੜ੍ਹ ਵਿਖੇ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 77 ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਨੋਨੀ ਮਾਡਲ ਸਕੂਲ ਕਾਠਗੜ੍ਹ ਦੇ ਬੱਚਿਆਂ ਅਤੇ ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਰਾਸ਼ਟਰੀ ਗੀਤ ਗਾ ਪ੍ਰੋਗਰਾਮ ਦੀ ਸ਼ੁਰਆਤ ਕੀਤੀ ਅਤੇ ਰਾਸ਼ਟਰੀ ਤਰੰਗਾਂ ਝੰਡਾ ਲਹਿਰਾਉਣ ਦੀ ਸਮਾਗਮ ਦੇ ਮੁੱਖ ਮਹਿਮਾਨ ਸਤਨਾਮ ਚੇਚੀ ਜਲਾਲਪੁਰ ਚੇਅਰਮੈਨ ਜਿਲ੍ਹਾਂ ਪਲੇਨਿੰਗ ਬੋਰਡ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੀਤੀ ਗਈ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਦੇਸ਼ ਪਿਆਰ ਦੇ ਗੀਤ ਗਾ ਕੇ ਪ੍ਰੋਗਰਾਮ ਨੂੰ ਹੋਰ ਵੀ ਸੁਵਾਹਣਾ ਬਣਾ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਸਤਨਾਮ ਚੇਚੀ ਜਲਾਲਪੁਰ ਚੀਫਗੈਸਟ ਚੇਅਰਮੈਨ ਜਿਲ੍ਹਾਂ ਪਲੇਨਿੰਗ ਬੋਰਡ ਨਵਾਂਸ਼ਹਿਰ ਸਤਨਾਮ ਚੇਚੀ ਜਲਾਲਪੁਰ,ਸੇਵਾਦਾਰ ਸਾਂਈ ਕਾਲੇਸ਼ਾਹ, ਸ਼ੁਭਾਸ਼ ਆਨੰਦ ਸਾਬਕਾ ਸਰਪੰਚ ਕਾਠਗੜ੍ਹ, ਮਾਸਟਰ ਸ਼ੁਭਾਸ਼ ਚੰਦਰ ਨੱਥਾ ਨੰਗਲ,ਡਾਕਟਰ ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ ਕਾਠਗੜ੍ਹ, ਅਵਤਾਰ ਸਿੰਘ ਤਾਰੀ ਕਾਮਰੇਡ,ਵਿਜੇ ਭਾਰਦਵਾਜ ਕਾਠਗੜ੍ਹ ਆਦਿ ਬੁਲਾਇਆ ਨੇ ਸਾਰੇ ਦੇਸ਼ ਵਾਸੀਆਂ ਨੂੰ 77 ਵੇਂ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੰਦਿਆਂ ਦੱਸਿਆ ਕੇ













ਮਹਾਨ ਦੇਸ਼ ਭਗਤਾਂ ਅਤੇ ਸੂਰਵੀਰਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਨੂੰ ਅਜ਼ਾਦੀ ਮਿਲੀ ਹੈ ਅਤੇ ਅੱਜ ਦੇ ਦਿਨ ਸੰਵਿਧਾਨਕ ਤੌਰ ਸਮੂਹ ਦੇਸ਼ ਵਾਸੀਆਂ ਨੂੰ ਅਜ਼ਾਦੀ ਦਾ ਨਿੱਘ ਮਾਣ ਮਾਣਨ ਦਾ ਹੱਕ ਪ੍ਰਾਪਤ ਹੋਈਆਂ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕੇ ਉਹ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਉਣ ਲਈ ਰਲ ਮਿਲ ਕੇ ਪ੍ਰੇਮ ਪਿਆਰ ਨਾਲ ਰਹਿੰਦੇ ਹੋਏ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਬਣਾਉਣ ਇਸ ਖੁਸ਼ੀ ਦੇ ਸਮਾਗਮ ਮੌਕੇ ਮੋਹਤਬਰਾਂ ਵਲੋਂ ਅਮਨ ਸ਼ਾਤੀ ਦੇ ਪ੍ਰਤੀਕ ਚਿੱਟੇ ਕਬੂਤਰ ਉਡਾਕੇ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਗਣਤੰਤਰ ਦਿਵਸ ਦੇ ਸਮਾਗਮ ਵਿੱਚ ਸਕੂਲੀ ਬੱਚਿਆਂ ਵਲੋਂ ਹਿੱਸਾ ਲੈਣ ਤੋਂ ਗ੍ਰਾਮ ਪੰਚਾਇਤ ਦੀ ਸਰਪੰਚ ਰਿਸ਼ੂ ਬਾਲਾ ਕਾਠਗੜ੍ਹ ਸੇਵਾਦਾਰ ਸਾਂਈ ਕਾਲੇਸ਼ਾਹ ਅਤੇ ਪੰਚਾਇਤ ਮੈਂਬਰਾਂ ਵਲੋਂ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਇਸ ਮੌਕੇ ਸਰਪੰਚ ਬਿਮਲਾ ਚੇਚੀ ਜਲਾਲਪੁਰ, ਡਾਕਟਰ ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ ਕਾਠਗੜ੍ਹ, ਅਵਤਾਰ ਸਿੰਘ ਤਾਰੀ ਕਾਮਰੇਡ ,ਸੁਖਵਿੰਦਰ ਸਿੰਘ ਬਾਜਵਾ, ਰਾਜ ਕੁਮਾਰ ਆਨੰਦ ਪ੍ਰਧਾਨ ਮਾਰਕੀਟ ਕਾਠਗੜ੍ਹ , ਜਸਪਾਲ ਭਾਟੀਆ ਨੰਬਰਦਾਰ ਕਾਠਗੜ੍ਹ , ਰਿੰਕਾ ਆਨੰਦ, ਖਰੇਤੀ ਲਾਲ, ਗੌਰਵ ਵੈਦ, ਨਿੰਹਾ ਵੈਦ,ਕੈਲਾਸ਼ ਚੋਧਰੀ, ਮਾਸਟਰ ਅਵਤਾਰ ਸਿੰਘ,ਰਾਧੇ ਚੋਧਰੀ, ਲਾਡੀ ਸ਼ਰਮਾ, ਹੇਮਰਾਜ ਚੋਧਰੀ, ਮਾਸਟਰ ਸ਼ੁਭਾਸ਼ ਕੁਮਾਰ, ਕੁਲਵੰਤ ਸਿੰਘ ਬਿੱਟੂ ਸਰਪੰਚ, ,ਰਾਗਵ ਭਾਰਦਵਾਜ ਕਾਠਗੜ੍ਹ ਆਦਿ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 77ਵਾਂ ਗਣਤੰਤਰ ਦਿਵਸ ਮੋਰਿੰਡਾ ਵਿਖੇ ਉਤਸ਼ਾਹ ਪੂਰਵਕ ਮਨਾਇਆ

## ਸਰਕਾਰੀ ਮੁਲਾਜ਼ਮਾਂ ਨੂੰ ਥੋਕ ਵਿੱਚ ਵੰਡੇ ਪ੍ਰਸੰਸਾ ਪੱਤਰ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)-** ਦੇਸ਼ ਦਾ 77 ਵਾਂ ਗਣਤੰਤਰ ਦਿਵਸ ਸਥਾਨਕ ਖਾਲਸਾ ਗਰਲਜ ਕਾਲਜ ਵਿਖੇ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਸਮੇਂ ਰਾਸ਼ਟਰੀ ਝੰਡਾ ਐਸ ਡੀ ਐਮ ਮੋਰਿੰਡਾ ਸ੍ਰੀ ਗੁਰਦੇਵ ਸਿੰਘ ਧਾਮ ਵਲੋਂ ਲਹਿਰਾਇਆ ਗਿਆ ਅਤੇ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਸਮੇਂ ਪੁਲਿਸ ਦੀ ਟੁਕੜੀ ਵਲੋਂ ਏ ਐਸ ਆਈ ਅੰਗਰੇਜ ਸਿੰਘ ਦੀ ਅਗਵਾਈ ਵਿੱਚ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਗਈ। ਸਮਾਗਮ ਦੌਰਾਨ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਵਿਸ਼ੇਸ਼ ਗੱਲ ਵੇਖਣ ਨੂੰ ਮਿਲੀ ਕਿ ਪ੍ਰਸੰਸਾ ਪੱਤਰ ਸਰਕਾਰੀ ਕਰਮਚਾਰੀਆਂ ਨੂੰ ਥੋਕ ਵਿੱਚ ਵੰਡੇ ਗਏ। ਮੋਰਿੰਡਾ ਸਥਿਤ ਸਰਕਾਰੀ ਦਫ਼ਤਰਾਂ ਦਾ ਸ਼ਾਇਦ ਹੀ ਕੋਈ ਮੁਲਾਜ਼ਮ ਰਿਹਾ ਹੋਵੇਗਾ ਜਿਸ ਨੂੰ ਪ੍ਰਸੰਸਾ ਪੱਤਰ ਨਾ ਮਿਲਿਆ ਹੋਵੇ। ਸਮਾਗਮ ਵਿੱਚ ਹਾਜ਼ਰ ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ੰਸਾ ਪੱਤਰ ਤਾਂ ਇਕ ਅਦਾਰੇ ਵਿੱਚ ਵਧੀਆ ਕਾਰਗੁਜ਼ਾਰੀ ਵਾਲੇ ਇਕ ਦੋ ਮੁਲਾਜ਼ਮਾਂ ਨੂੰ ਹੀ ਮਿਲਣਾ ਚਾਹੀਦਾ ਹੈ। ਇਸ ਨਾਲ ਹੀ ਪ੍ਰਸੰਸਾ ਪੱਤਰ ਦੀ ਅਹਿਮੀਅਤ ਬਣਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਹਿਸੀਲਦਾਰ ਸੁਰਿੰਦਰ ਪਾਲ ਸਿੰਘ, ਬੀ ਡੀ ਓ ਹਰਕੀਰਤ ਸਿੰਘ,ਆਪ ਦੇ ਸੀਨੀਅਰ ਆਗੂ ਬੀਰਦਵਿੰਦਰ ਸਿੰਘ ਬੱਲਾਂ, ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ, ਐਸਐਚਓ ਸਿਟੀ ਥਾਣਾ ਮੋਰਿੰਡਾ ਗੁਰਮੁੱਖ ਸਿੰਘ, ਸ਼ੂਗਰ ਮਿਲ ਮੋਰਿੰਡਾ ਦੇ ਚੇਅਰਮੈਨ ਜਸਵਿੰਦਰ ਸਿੰਘ ਸੋਹੀ, ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ ਸੋਢੀ, ਸੰਦੀਪ ਕੁਮਾਰ ਸੋਨੂੰ, ਵਰਿੰਦਰ ਸਿੰਘ ਬਿਨੂ, ਏ ਐਸ ਐਸ ਓ ਮੀਨਾ ਕੁਮਾਰੀ, ਖਾਲਸਾ ਗਰਲਜ ਕਾਲਜ ਦੇ ਪ੍ਰਬੰਧਕ ਹਰਬੰਸ ਸਿੰਘ ਕੰਧੋਲਾ ਸਾਬਕਾ ਮੈਂਬਰ ਐਸ ਜੀ ਪੀ ਸੀ, ਜਸਪ੍ਰੀਤ ਸਿੰਘ ਕਲਸੀ, ਗੁਰਪ੍ਰੀਤ ਸਿੰਘ ਬਾਠ, ਹਰਮਨ ਸਮੇਤ ਅਨੇਕਾਂ ਪਤਵੰਤੇ ਸੱਜਣ ਅਤੇ ਅਨੇਕਾਂ ਵਿਦਿਆਰਥੀ ਹਾਜ਼ਰ ਸਨ।





## 26 ਜਨਵਰੀ 2026 ਨੂੰ ਗਣਤੰਤਰ ਦਿਵਸ ਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੂੰ ਯਾਦ ਕੀਤਾ ਗਿਆ



**ਬੰਗਾ (ਚਰਨਜੀਤ ਸੱਲ੍ਹਾਂ** )26 ਜਨਵਰੀ 2026 ਨੂੰ ਗਣਤੰਤਰ ਦਿਵਸ ਮੌਕੇ ਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੂੰ ਯਾਦ ਕੀਤਾ ਗਿਆ। ਇਸ ਮੌਕੇ ਤੇ ਡਾ ਕਸ਼ਮੀਰ ਚੰਦ ਨੇ ਬੋਲਦਿਆਂ ਦੱਸਿਆ ਕਿ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਸੰਵਿਧਾਨ ਦੀ ਰਚਨਾ ਕੀਤੀ ਸੀ ਉਨ੍ਹਾਂ ਨੇ ਸਭ ਊਚ ਨੀਚ, ਜਾਤ ਪਾਤ ਸਭ ਵਿਖਰੇਵੇਂ ਦੂਰ ਕਰਕੇ ਸਭ ਨੂੰ ਬਰਾਬਰ ਦਾ ਦਰਜਾ ਦਿੱਤਾ ਸੀ। ਉਨ੍ਹਾਂ ਪੜ੍ਹਾਈ, ਦੁਵਾਈ ਅਤੇ ਰੋਜ਼ਗਾਰ ਸਭ ਜ਼ਾਤਾਂ ਦੇ ਇਨਸਾਨਾਂ ਨੂੰ ਬਰਾਬਰ ਦੇ ਕੇ ਮਾਂਣ ਮਹਿਸੂਸ ਕੀਤਾ ਸੀ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ 26 ਜਨਵਰੀ 1950 ਨੂੰ ਸੰਵਿਧਾਨ ਬਿਲਕੁਲ ਤਿਆਰ ਹੋ ਗਿਆ ਸੀ ਅਤੇ ਇਸ ਨੂੰ ਲਾਗੂ ਕੀਤਾ ਗਿਆ ਅੱਜ ਦਾ ਦਿਨ ਸਾਡੇ ਲਈ ਅਸਲੀ ਦਿਵਾਲੀ ਦਾ ਦਿਨ ਹੈ। ਇਸ ਮੌਕੇ ਤੇ ਰਵਿੰਦਰ ਮਹਿੰਮੀ ਬਸਪਾ ਦੀ ਸੀਨੀਅਰ ਆਗੂ,ਡਾ ਅਮਰੀਕ ਸਿੰਘ,ਡਾ ਗੁਰਨਾਮ ਸਿੰਘ ਚਾਹਲਾ, ਹਰਜਿੰਦਰ ਸਿੰਘ ਲੱਧੜ ਪ੍ਰਧਾਨ ਬਸਪਾ ਸ਼ਹਿਰੀ ਬੰਗਾ, ਪ੍ਰਕਾਸ਼ ਚੰਦ ਸੀਨੀਅਰ ਬਸਪਾ ਆਗੂ, ਦੀਨ ਦਿਆਲ ਸਾਬਕਾ ਏ ਐਸ ਆਈ, ਜਸਵਿੰਦਰ ਸਿੰਘ ਏ ਐਸ ਆਈ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਮਾਲਵੇ ਦਾ ਜੱਟ ਜਾਫੀ ਸੀਰਾ ਪਿੱਥੋਂ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੱਜ ਗੱਲ ਕਰਦੇ ਆ ਮਾਲਵੇ ਦੀ ਕਬੱਡੀ ਦਾ ਜੱਟ ਜਾਫੀ ਜਗਸੀਰ ਸਿੰਘ ਸੀਰਾ ਪਿੱਥੋਂ ਵਾਲਾ ਜ਼ਿਲ੍ਹਾ ਬਠਿੰਡਾ ਦੀ ਬੁੱਕਲ ਵਿੱਚ ਵਸਿਆ ਰਾਮਪੁਰਾ ਫੂਲ ਦਾ ਇਲਾਕਾ ਕਬੱਡੀ ਦੇ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ ਸੀਰਾ ਪਿੱਥੋਂ ਪਹਿਲਾ ਕਬੱਡੀ 40-45 ਫਿਰ 62-70 ਕਿਲੋ ਤੇ ਫਿਰ ਓਪਨ ਅਕੈਡਮੀ ਹਰਜੀਤ ਕਲੱਬ ਬਾਜ਼ਾਖਾਨਾ ਲਈ 2005ਵਿੱਚ ਐਂਟਰੀ ਕੀਤੀ ਤੇ ਫਿਰ ਸਰਦਾਰ ਮੇਜਰ ਸਿੰਘ ਭਲੂਰ ਦੀ ਨਜ਼ਰ ਵਿੱਚ ਆ ਗਿਆ ਤੇ ਅਗਲੇ ਸਾਲ ਹੀ ਪਹਿਲਾ ਇਗਲੈਂਡ ਤੇ ਫਿਰ ਕਨੇਡਾ ਵਿੱਚ ਬਹੁਤ ਤਕੜਾ ਖੇਡਿਆ ਤੇ ਫਿਰ ਲੱਡੇਕੇ ਕੱਪ ਤੇ ਮੇਜਰ ਬਰਾੜ ਭਲੂਰ ਤੇ ਕਰਮਪਾਲ ਸਿੱਧੂ ਨੇ ਸਕਾਰਪੀਓ ਗੱਡੀ ਦੇਕੇ ਸਨਮਾਨ ਕੀਤਾ ਗਿਆ ਤੇ ਅਨੇਕਾਂ ਬੁੱਲਟ ਮੋਟਰਸਾਈਕਲ ਤੇ ਲ਼ਡਧ ਆ ਦੀ ਕੋਈ ਗਿਣਤੀ ਨੀ ਤੇ ਇੱਕ ਅਲਟੋ ਗੱਡੀ ਬੈਸਟ ਜਾਫੀ ਬੱਛੋਆਨਾ ਕੱਪ ਤੋਂ ਜਿੱਤਿਆ ਤੇ ਇੱਕ ਟਰੈਕਟਰ ਨਾਲ ਟਰਾਲਾ ਮੋਹਾਲੀ ਦੇ ਨੇੜੇ ਕੱਪ ਤੋਂ ਜਿੱਤਿਆ ਤੇ ਉਸ ਟਾਈਮ ਬਹੁਤ ਘੱਟ ਵੱਡੇ ਇਨਾਮ ਹੁੰਦੇ ਸੀ ਇੱਕ ਸੀਜਨ ਵਿੱਚ 10-15ਮੋਟਰਸਾਈਕਲ ਵਾਲੇ ਕੱਪ ਹੁੰਦੇ ਸੀ ਸੀਰੇ ਪਿੱਥੋਂ ਨੇ ਤਕਰੀਬਨ 65 ਮੋਟਰਸਾਈਕਲ ਉਸ ਟਾਈਮ ਜਿੱਤੇ ਆ ਸੀਰਾ ਪਿੱਥੋਂ ਉਸ ਟਾਈਮ ਮਾਲਵੇ ਦਾ ਨੰਬਰ ਇੱਕ ਜਾਫੀ ਰਿਹਾ ਬਹੁਤ ਤਕੜੇ ਮੈਚ ਆਪਣੇ ਦਮ ਤੇ ਜਿੱਤੇ ਤੇ ਕੋਈ ਬੇਈਮਾਨੀ ਨਾ ਕਿਸੇ ਨਾਲ ਕੋਈ ਰੌਲਾ ਸਿਰਫ਼ ਇਮਾਨਦਾਰੀ ਨਾਲ ਖੇਡ ਖੇਡੀ ਆ ਬਹੁਤ ਘੱਟ ਜਾਫੀ ਸੀਰੇ ਪਿੱਥੋਂ ਵਰਗੇ ਪੈਂਦਾ ਹੋਏ ਹਨ ਉਹਨਾਂ ਵਿੱਚੋਂ ਇਹ ਇੱਕ ਆ ਮਾਲਵੇ ਦਾ ਹੀਰਾ ਜਾਫੀ ਸੀਰਾ ਪਿੱਥੋਂ ਲੰਬੀ ਪਾਰੀ ਦਾ ਡੇਂਜਰ ਜਾਫੀ ਦੁਨੀਆਂ ਹਮੇਸ਼ਾ ਯਾਦ ਰੱਖੂਗੀ ਮਾਲਵੇ ਦੇ ਜੱਟ ਜਾਫੀ ਨੂੰ ਇਹ ਖਿਤਾਬ ਸੀਰੇ ਪਿੱਥੋਂ ਨੂੰ ਕਬੱਡੀ ਵਿੱਚ ਮਿਲਿਆ ਜੱਟ ਜਾਫੀ ਬਹੁਤ ਨਰਮ ਸੁਭਾਅ ਦਾ ਮਾਲਕ ਆ ਵੀਰ ਸਾਡਾ ਤਕਰੀਬਨ 25ਸਾਲ ਕਬੱਡੀ ਵਿੱਚ ਤੂਤੀ ਬੋਲੀ ਤੇ ਅੱਜ ਕੱਲ ਬਹੁਤ ਸੋਹਣੀ ਜਿੰਦਗੀ ਬਤੀਤ ਕਰ ਰਿਹਾ ਵਾਹਿਗੁਰੂ ਕਿਰਪਾ ਕਰੇ ਸੀਰਾ ਪਿੱਥੋਂ ਇਹ ਨਾਮ ਏਦਾਂ ਹੀ ਕਬੱਡੀ ਵਿੱਚ ਗੂੰਜਦਾ ਰਹੇ ਸ਼ਰਨਾ ਤਖਤੂਪੁਰੀਆ।



ਸੀਰਾ ਪਿੱਥੋਂ




ਸਰਨਾ ਤਖਤੂਪੁਰੀਆ



ਹਰਜਿੰਦਰ ਪਾਲ ਛਾਬੜਾ
ਪੱਤਰਕਾਰ ਨਕੋਦਰ
ਮਹਿਤਪੁਰ 98760-38332
95922-82333

## ਸਪੀਡ ਸਕੇਟਿੰਗ ਮੁਕਾਬਲੇ ਵਿੱਚ ਵੈਲੇਰੀ ਮਾਲਤੇ ਨੇ ਦੋ ਤਮਗੇ ਜਿੱਤੇ

**ਵੈਨਕੂਵਰ, (ਮਲਕੀਤ ਸਿੰਘ)** - ਕੈਨੇਡਾ ਦੀ ਮਸ਼ਹੂਰ ਮਹਿਲਾ ਸਪੀਡ ਸਕੇਟਰ ਵੈਲੇਰੀ ਮਾਲਤੇ ਨੇ ਸੀਜ਼ਨ ਦੇ ਆਖ਼ਰੀ ਅੰਤਰਰਾਸ਼ਟਰੀ ਸਪੀਡ ਸਕੇਟਿੰਗ ਮੁਕਾਬਲੇ ਦੌਰਾਨ ਦੋ ਤਗਮੇ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ। ਕਨੇਡਾ ਦੇ ਕਿਊਬੈਕ ਸੂਬੇ ਦੇ ਲਾ ਬੇ ਸ਼ਹਿਰ ਨਾਲ ਸੰਬੰਧਿਤ ਵੈਲੇਰੀ ਮਾਲਤੇ ਨੇ ਐਤਵਾਰ ਨੂੰ ਜਰਮਨੀ ਦੇ ਇਨਜ਼ੈਲ ਸ਼ਹਿਰ ਵਿੱਚ ਹੋਏ ਮਹਿਲਾਵਾਂ ਦੇ ਸਮੂਹਿਕ ਕੌਮਾਤਰੀ ਸ਼ੁਰੂਆਤੀ ਦੌੜ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਆਪਣੇ ਨਾਮ ਕੀਤਾ। ਇਹ ਉਸਦਾ ਦੂਜਾ ਤਗਮਾ ਸੀ।



ਵੈਲੇਰੀ ਮਾਲਤੇ ਅਤੇ ਦੂਸਰੀਆਂ ਖਿਡਾਰਨਾ ਇੱਕ ਤਸਵੀਰ

ਇਸ ਤਗਮੇ ਨਾਲ ਨਾ ਸਿਰਫ਼ ਉਸ ਨੇ ਸੀਜ਼ਨ ਦਾ ਸਮਾਪਨ ਸ਼ਾਨਦਾਰ ਢੰਗ ਨਾਲ ਕੀਤਾ, ਸਗੋਂ ਕੈਨੇਡਾ ਲਈ ਵੀ ਇੱਕ ਮਹੱਤਵਪੂਰਨ ਉਪਲਬਧੀ ਦਰਜ ਕਰਵਾਈ। ਮਾਲਤੇ ਨੇ ਕਿਹਾ ਕਿ ਉਸ ਨੂੰ ਉਮੀਦ ਨਹੀਂ ਸੀ ਕਿ ਉਹ ਇੰਨਾ ਵਧੀਆ ਪ੍ਰਦਰਸ਼ਨ ਕਰ ਪਾਵੇਗੀ, ਪਰ ਦੌੜ ਦੌਰਾਨ ਉਸ ਨੇ ਪੂਰਾ ਜੋਰ ਲਗਾਇਆ। ਉਨ੍ਹਾਂ ਦੇ ਇਸ ਪ੍ਰਦਰਸ਼ਨ ਨੇ ਆਉਣ ਵਾਲੇ ਮੁਕਾਬਲਿਆਂ ਲਈ ਕੈਨੇਡਾ ਦੀ ਟੀਮ ਨੂੰ ਨਵੀਂ ਆਸ ਅਤੇ ਹੌਸਲਾ ਦਿੱਤਾ ਹੈ। ਕਨੇਡਾ ਦੇ ਖੇਡ ਪ੍ਰੇਮੀਆਂ ਚ ਇਸ ਜਿੱਤ ਤੇ ਖੁਸ਼ੀ ਦਾ ਆਲਮ ਵੇਖਿਆ ਜਾ ਰਿਹਾ ਹੈ।

# ਇੰਡੀਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਲਿੰਗ ਅਨੁਪਾਤ ਵਿੱਚ ਅਸੰਤੁਲਨ ‘ਤੇ ਚਿੰਤਾ ਅਤੇ ਮਹਿਲਾਵਾਂ ਤੇ ਕੁੜੀ ਬੱਚੀ ਦੀ ਸੁਰੱਖਿਆ ਲਈ ਸਖ਼ਤ ਕਦਮਾਂ ਦੀ ਮੰਗ

**ਸਮਾਜ ਵੀਕਲੀ ਯੂ ਕੇ**

ਇੰਡੀਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਹਾਲੀਆ ਰਾਸ਼ਟਰੀ ਮੀਡੀਆ ਰਿਪੋਰਟਾਂ ਅਤੇ ਸਰਕਾਰੀ ਅੰਕੜਿਆਂ ਦੇ ਪ੍ਰਕਾਸ਼ ਵਿੱਚ ਇੱਕ ਆਧਿਕਾਰਿਕ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਯੂਨਾਈਟਡ ਕਿੰਗਡਮ ਵਿੱਚ ਭਾਰਤੀ ਮੂਲ ਦੇ ਪਰਿਵਾਰਾਂ ਵਿੱਚ ਮੁੰਡਿਆਂ ਅਤੇ ਕੁੜੀਆਂ ਦੇ ਜਨਮ ਦੇ ਅਨੁਪਾਤ ਵਿੱਚ ਵਧ ਰਹੇ ਅਸੰਤੁਲਨ ਬਾਰੇ ਗੰਭੀਰ ਚਿੰਤਾ ਜਤਾਈ ਗਈ ਹੈ।

ਯੂਕੇ ਦੇ ਆਫਿਸ ਫੋਰ ਨੇਸ਼ਨਲ ਸਟੈਟਿਸਟਿਕਸ (ONS) ਵੱਲੋਂ ਜਾਰੀ ਅਤੇ ਰਾਸ਼ਟਰੀ ਮੀਡੀਆ ਵਿੱਚ ਛਪੇ ਅੰਕੜਿਆਂ ਮੁਤਾਬਕ, ਯੂਕੇ ਵਿੱਚ ਕੁਦਰਤੀ ਜਨਮ ਅਨੁਪਾਤ ਲਗਭਗ ਹਰ 100 ਕੁੜੀਆਂ ‘ਤੇ 105 ਮੁੰਡੇ ਹੈ, ਅਤੇ ਸਰਕਾਰ ਵੱਲੋਂ ਮੰਨੀ ਗਈ ਉੱਚੀ ਹੱਦ 107 ਮੁੰਡੇ ਪ੍ਰਤੀ 100 ਕੁੜੀਆਂ ਹੈ। ਪਰ 2021 ਤੋਂ 2025 ਦੇ ਡਾਟੇ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਮਾਵਾਂ ਵਿੱਚ ਇਹ ਅਨੁਪਾਤ ਕਾਫ਼ੀ ਵੱਧ ਗਿਆ ਹੈ ਅਤੇ ਇਹ ਲਗਭਗ ਹਰ 100 ਕੁੜੀਆਂ ‘ਤੇ 118 ਮੁੰਡੇ ਤੱਕ ਪਹੁੰਚ ਗਿਆ ਹੈ, ਖ਼ਾਸ ਕਰਕੇ ਤੀਜੇ ਬੱਚੇ ਦੇ ਮਾਮਲਿਆਂ ਵਿੱਚ।

ਮਾਹਿਰਾਂ ਅਤੇ ਅੰਕੜਾ ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਇਹ ਅਨੁਪਾਤ ਮੰਨੀ ਗਈ ਹੱਦ ਤੋਂ ਉੱਪਰ ਚਲਾ ਜਾਵੇ, ਤਾਂ ਇਹ ਲਿੰਗ-ਚੁਣੀਦੀਆਂ ਪ੍ਰਥਾਵਾਂ ਵੱਲ ਇਸ਼ਾਰਾ ਕਰ ਸਕਦਾ ਹੈ, ਜਿਸ ਵਿੱਚ ਬੱਚੇ ਦੇ ਲਿੰਗ ਦੇ ਆਧਾਰ ‘ਤੇ ਗਰਭਪਾਤ ਜਾਂ ਹੋਰ ਮੈਡੀਕਲ ਦਖ਼ਲਅੰਦਾਜ਼ੀਆਂ ਸ਼ਾਮਲ ਹੋ ਸਕਦੀਆਂ ਹਨ। ਇਨ੍ਹਾਂ ਖੋਜਾਂ ਨੇ ਇਹ ਗੰਭੀਰ ਚਿੰਤਾ ਪੈਦਾ ਕੀਤੀ ਹੈ ਕਿ ਕੁਝ ਮਹਿਲਾਵਾਂ ‘ਤੇ ਸਿਰਫ਼ ਇਸ ਲਈ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਆਪਣੀ ਗਰਭਾਵਸਥਾ ਖਤਮ ਕਰਵਾਉਣ, ਕਿਉਂਕਿ ਬੱਚੀ ਕੁੜੀ ਹੈ।

ਅਸੋਸੀਏਸ਼ਨ ਨੇ ਇਹ ਵੀ ਦਰਸਾਇਆ ਕਿ ਇਹ ਮਸਲਾ ਨਵਾਂ ਨਹੀਂ ਹੈ। ਬੀਬੀਸੀ ਸਮੇਤ ਵੱਡੇ ਯੂਕੇ ਮੀਡੀਆ ਘਰਾਂ ਦੀਆਂ ਪਿਛਲੀਆਂ ਜਾਂਚ ਰਿਪੋਰਟਾਂ ਵਿੱਚ ਇਹ ਮਾਮਲੇ ਸਾਹਮਣੇ ਆਏ ਹਨ ਕਿ ਕੁਝ ਗਰਭਵਤੀ ਮਹਿਲਾਵਾਂ ਯੂਕੇ ਤੋਂ ਬਾਹਰ — ਸਮੇਤ ਭਾਰਤ — ਗਰਭਪਾਤ ਸੇਵਾਵਾਂ ਲਈ ਗਈਆਂ ਹਨ, ਜਿੱਥੇ ਕਈ ਮਾਮਲਿਆਂ ਵਿੱਚ ਲਿੰਗ ਦੇ ਆਧਾਰ ‘ਤੇ ਗਰਭਪਾਤ ਦੇ ਦੋਸ਼ ਵੀ ਲੱਗੇ ਹਨ। ਇਹ ਇਸ ਦੇ ਬਾਵਜੂਦ ਹੈ ਕਿ ਲਿੰਗ ਦੀ ਪਛਾਣ ਕਰਨਾ ਅਤੇ ਲਿੰਗ-ਚੁਣੀਦਾ ਗਰਭਪਾਤ ਦੋਵੇਂ ਹੀ ਯੂਕੇ ਅਤੇ ਭਾਰਤ ਵਿੱਚ ਗੈਰਕਾਨੂੰਨੀ ਹਨ।



Sital Singh Gill, General Secretary of the Indian Workers Association (GB)

ਸੀਤਲ ਸਿੰਘ ਗਿੱਲ, ਜਨਰਲ ਸਕੱਤਰ, ਇੰਡੀਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ), ਨੇ ਕਿਹਾ:

“ਇਹ ਅੰਕੜੇ ਬਹੁਤ ਹੀ ਚਿੰਤਾਜਨਕ ਹਨ ਅਤੇ ਇਹ ਗੰਭੀਰ ਸਵਾਲ ਖੜੇ ਕਰਦੇ ਹਨ ਕਿ ਕਈ ਮਹਿਲਾਵਾਂ ‘ਤੇ ਘਰਾਂ ਦੇ ਅੰਦਰ ਕਿਹੋ ਜਿਹਾ ਦਬਾਅ ਅਤੇ ਭੇਦਭਾਵ ਹੋ ਸਕਦਾ ਹੈ। ਜਨਮ ਤੋਂ ਪਹਿਲਾਂ ਹੀ ਬੱਚੇ ਨਾਲ ਲਿੰਗ ਦੇ ਆਧਾਰ ‘ਤੇ ਭੇਦਭਾਵ ਕਰਨਾ ਮਨੁੱਖੀ ਮਰਿਆਦਾ ਦੀ ਉਲੰਘਣਾ ਹੈ ਅਤੇ ਬਰਾਬਰੀ ਅਤੇ ਨਿਆਂ ਦੇ ਮੂਲ ਸਿਧਾਂਤਾਂ ਦੇ ਖਿਲਾਫ਼ ਹੈ।

ਅਸੀਂ ਮੰਨਦੇ ਹਾਂ ਕਿ ਕਾਨੂੰਨ ਨੂੰ ਹੋਰ ਮਜ਼ਬੂਤ ਅਤੇ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਕੋਈ ਵੀ ਵਿਅਕਤੀ ਜੋ ਗਰਭਵਤੀ ਮਹਿਲਾ ‘ਤੇ ਬੱਚੇ ਦੇ ਲਿੰਗ ਦੇ ਆਧਾਰ ‘ਤੇ ਗਰਭਪਾਤ ਲਈ ਦਬਾਅ ਜਾਂ ਜ਼ਬਰਦਸਤੀ ਕਰਦਾ ਹੈ, ਉਸ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਇਆ ਜਾਵੇ। ਇਸ ਦੇ ਨਾਲ-ਨਾਲ, ਸਾਨੂੰ ਕਮਿਊਨਿਟੀ ਵਜੋਂ ਇਕੱਠੇ ਹੋ ਕੇ ਗਲਤ ਸੋਚਾਂ ਨੂੰ ਚੁਣੌਤੀ ਦੇਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਬੱਚਾ — ਚਾਹੇ ਕੁੜੀ ਹੋਵੇ ਜਾਂ ਮੁੰਡਾ — ਸਵਾਗਤਯੋਗ, ਸੁਰੱਖਿਅਤ ਅਤੇ ਬਰਾਬਰ ਤੌਰ ‘ਤੇ ਕੀਮਤੀ ਸਮਝਿਆ ਜਾਵੇ।”

ਅਸੋਸੀਏਸ਼ਨ ਨੇ ਦੁਹਰਾਇਆ ਕਿ ਯੂਕੇ ਦੇ ਕਾਨੂੰਨ ਅਨੁਸਾਰ ਸਿਰਫ਼ ਲਿੰਗ ਦੇ ਆਧਾਰ ‘ਤੇ ਗਰਭਪਾਤ ਕਰਵਾਉਣਾ ਗੈਰਕਾਨੂੰਨੀ ਹੈ, ਅਤੇ ਸਰਕਾਰ ਵੱਲੋਂ ਮੈਡੀਕਲ ਪੇਸ਼ੇਵਰਾਂ ਨੂੰ ਦਿੱਤੀਆਂ ਗਈਆਂ ਹਦਾਇਤਾਂ ਵਿੱਚ ਇਹ ਸਾਫ਼ ਕੀਤਾ ਗਿਆ ਹੈ ਕਿ ਬੱਚੇ ਦਾ ਲਿੰਗ ਗਰਭਪਾਤ ਲਈ ਕੋਈ ਕਾਨੂੰਨੀ ਆਧਾਰ ਨਹੀਂ ਹੈ।

ਆਪਣੇ ਬਿਆਨ ਵਿੱਚ, ਇੰਡੀਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਹੇਠ ਲਿਖੀਆਂ ਮੰਗਾਂ ਕੀਤੀਆਂ:

- ਲਿੰਗ-ਚੁਣੀਦਾ ਗਰਭਪਾਤ ਨੂੰ ਰੋਕਣ ਅਤੇ ਯੂਕੇ ਦੇ ਕਾਨੂੰਨ ਨੂੰ ਬਾਈਪਾਸ ਕਰਨ ਲਈ ਮੈਡੀਕਲ ਜਾਂ ਵਿਦੇਸ਼ੀ ਸੇਵਾਵਾਂ ਦੇ ਦੁਰਪਯੋਗ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਸੁਰੱਖਿਆ ਅਤੇ ਮਜ਼ਬੂਤ ਲਾਗੂ ਕਰਨ ਦੀ ਪ੍ਰਣਾਲੀ।
- ਸਪਸ਼ਟ ਕਾਨੂੰਨੀ ਜ਼ਿੰਮੇਵਾਰੀ ਅਤੇ ਸਜ਼ਾ, ਹਰ ਉਸ ਵਿਅਕਤੀ ਲਈ — ਚਾਹੇ ਉਹ ਪਰਿਵਾਰਕ ਮੈਂਬਰ ਹੋਣ, ਦਰਮਿਆਨੇ ਵਿਅਕਤੀ ਹੋਣ ਜਾਂ ਹੋਰ ਕੋਈ — ਜੋ ਗਰਭਵਤੀ ਮਹਿਲਾ ‘ਤੇ ਬੱਚੇ ਦੇ ਲਿੰਗ ਦੇ ਆਧਾਰ ‘ਤੇ ਗਰਭਪਾਤ ਲਈ ਦਬਾਅ ਜਾਂ ਪ੍ਰਭਾਵ ਪਾਂਦਾ ਹੈ।
- ਮਹਿਲਾਵਾਂ ਲਈ ਮਜ਼ਬੂਤ, ਗੁਪਤ ਅਤੇ ਸੁਰੱਖਿਅਤ ਸਹਾਇਤਾ ਅਤੇ ਰਿਪੋਰਟਿੰਗ ਪ੍ਰਣਾਲੀ, ਤਾਂ ਜੋ ਉਹ ਬਿਨਾਂ ਡਰ ਦੇ ਮਦਦ ਲੈ ਸਕਣ।

ਅਸੋਸੀਏਸ਼ਨ ਨੇ ਜ਼ੋਰ ਦਿੱਤਾ ਕਿ ਇਹ ਮਸਲਾ ਸਿਰਫ਼ ਕਾਨੂੰਨੀ ਕਦਮਾਂ ਨਾਲ ਹੀ ਹੱਲ ਨਹੀਂ ਹੋ ਸਕਦਾ, ਬਲਕਿ ਇਹ ਇੱਕ ਵੱਡੀ ਸਮਾਜਕ ਅਤੇ ਸੱਭਿਆਚਾਰਕ ਚੁਣੌਤੀ ਹੈ, ਜਿਸ ਲਈ ਸਿੱਖਿਆ, ਜਾਗਰੂਕਤਾ ਅਤੇ ਕਮਿਊਨਿਟੀ ਦੀ ਇਕਜੁਟਤਾ ਦੀ ਲੋੜ ਹੈ।

ਅਸੋਸੀਏਸ਼ਨ ਨੇ ਕਮਿਊਨਿਟੀ ਸੰਸਥਾਵਾਂ, ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ, ਅਧਿਆਪਕਾਂ ਅਤੇ ਸਥਾਨਕ ਨੇਤਾਵਾਂ ਨੂੰ ਅਪੀਲ ਕੀਤੀ ਕਿ ਉਹ ਲਿੰਗ ਸਮਾਨਤਾ, ਮਹਿਲਾਵਾਂ ਦੇ ਅਧਿਕਾਰਾਂ ਅਤੇ ਹਰ ਬੱਚੇ ਦੀ ਬਰਾਬਰ ਕੀਮਤ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋ ਕੇ ਕੰਮ ਕਰਨ।

ਇੰਡੀਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਿਹਾ ਕਿ ਉਹ ਹਰ ਉਸ ਮਹਿਲਾ ਦੇ ਨਾਲ ਖੜ੍ਹੀ ਹੈ ਜੋ ਗਰਭਾਵਸਥਾ ਦੌਰਾਨ ਆਪਣੇ ਆਪ ਨੂੰ ਕਮਜ਼ੋਰ, ਡਰੀ ਹੋਈ ਜਾਂ ਬਿਨਾਂ ਸਹਾਰੇ ਦੇ ਮਹਿਸੂਸ ਕਰਦੀ ਹੈ, ਅਤੇ ਉਸ ਨੇ ਸਿਵਲ ਸਮਾਜ, ਸਰਕਾਰੀ ਸੰਸਥਾਵਾਂ ਅਤੇ ਕਮਿਊਨਿਟੀ ਸਾਥੀਆਂ ਨਾਲ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ, ਤਾਂ ਜੋ ਇੱਕ ਐਸਾ ਸਮਾਜ ਬਣਾਇਆ ਜਾ ਸਕੇ ਜਿੱਥੇ ਹਰ ਬੱਚਾ — ਚਾਹੇ ਕੁੜੀ ਹੋਵੇ ਜਾਂ ਮੁੰਡਾ — ਸਵਾਗਤਯੋਗ, ਸੁਰੱਖਿਅਤ ਅਤੇ ਬਰਾਬਰ ਤੌਰ ‘ਤੇ ਕੀਮਤੀ ਸਮਝਿਆ ਜਾਵੇ।

## 26 ਜਨਵਰੀ ਦਾ ਦਿਨ ਜੇਤਵਨ ਬੁਧ ਵਿਹਾਰ ਮਹੱਲਾ ਡਾ. ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਵਿਖੇ ਮਨਾਇਆ ਗਿਆ





**ਸਮਾਜ ਵੀਕਲੀ ਯੂ ਕੇ**

**ਨਕੋਦਰ–** 26 ਜਨਵਰੀ ਭਾਰਤ ਵਿੱਚ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸੇ ਦਿਨ 1950 ਵਿੱਚ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ, ਜਿਸ ਨਾਲ ਦੇਸ਼ ਇੱਕ ਸੰਪੂਰਨ ਗਣਤੰਤਰ ਬਣਿਆ। ਭਾਰਤੀ ਸੰਵਿਧਾਨ ਸਾਨੂੰ ਸਮਾਨਤਾ, ਆਜ਼ਾਦੀ, ਨਿਆਂ ਅਤੇ ਭਰਾਤਰੀਤਾ ਦੇ ਅਧਿਕਾਰ ਦਿੰਦਾ ਹੈ। ਇਸ ਦਿਨ ਦੇਸ਼ ਭਰ ਵਿੱਚ ਰਾਸ਼ਟਰੀ ਝੰਡਾ ਲਹਿਰਾਇਆ ਜਾਂਦਾ ਹੈ, ਪਰੈਡਾਂ, ਸੱਭਿਆਚਾਰਕ ਕਾਰਜਕ੍ਰਮ ਅਤੇ ਦੇਸ਼ਭਗਤੀ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ। 26 ਜਨਵਰੀ ਸਾਨੂੰ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਕਰਤਵਿਆਂ ਦੀ ਯਾਦ ਦਿਵਾਉਂਦਾ ਹੈ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਬਣਾਈ ਰੱਖਣ ਲਈ ਪ੍ਰੇਰਿਤ ਕਰਦਾ ਹੈ। 26 ਜਨਵਰੀ 2012 ਵਾਲੇ ਦਿਨ ਹੀ ਸਾਡੇ ਸਤਿਕਾਰਯੋਗ ਮਹਾਂਦਾਨੀ ਚੌਧਰੀ ਫਕੀਰ ਚੰਦ ਜੀ ਹੁਣੀ ਇਸ ਸੰਸਾਰ ਤੋਂ ਕੂਚ ਕਰ ਗਏ ਸਨ ਉਹਨਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਆਏ ਹੋਏ ਸਾਥੀਆਂ ਨੇ ਆਪਣੀ ਗੱਲ ਸਾਂਝੀ ਕੀਤੀ ਅਤੇ ਮਹਾਦਾਨੀ ਚੌਧਰੀ ਫਕੀਰ ਚੰਦ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਕਦੇ ਨਹੀਂ ਭੁਲਾਈਆਂ ਜਾ ਸਕਦੀਆਂ ਇਸ ਪ੍ਰੋਗਰਾਮ ਦੇ ਵਿੱਚ ਜੋ ਵੀ ਪ੍ਰਬੰਧ ਕੀਤਾ ਹੋਇਆ ਸੀ ਉਹ ਸਾਰਾ ਮਹਾਦਾਨੀ ਚੌਧਰੀ ਫਕੀਰ ਚੰਦ ਦੇ ਪਰਿਵਾਰ ਵੱਲੋਂ ਹੀ ਕੀਤਾ ਗਿਆ ਸੀ।

**ਪ੍ਰਸ਼ੋਤਮ ਲਾਲ ਚੰਦਰ**

# ਜ਼ਬਰਦਸਤੀ ਵਸੂਲੀ ਮਾਮਲਿਆਂ ਸਬੰਧੀ ਸਰੀ ਦੀ ਮੇਅਰ ਨੇ ਫੈਡਰਲ ਸਰਕਾਰ ਤੋਂ ਐਮਰਜੈਂਸੀ ਲਾਉਣ ਦੀ ਕੀਤੀ ਮੰਗ

**ਵੈਨਕੂਵਰ, (ਮਲਕੀਤ ਸਿੰਘ)** — ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਚ ਪੰਜਾਬੀਆਂ ਦੀ ਸੰਘਣੀ ਅਬਾਦੀ ਵਾਲੇ ਸਰੀ ਸ਼ਹਿਰ ਦੀ ਮੇਅਰ ਬਰੈਂਡਾ ਲਾਕ ਨੇ ਜ਼ਬਰਦਸਤੀ ਵਸੂਲੀ ਦੇ ਵਧਦੇ ਮਾਮਲਿਆਂ ਨੂੰ ਲੈ ਕੇ ਕਨੇਡਾ ਦੀ ਫੈਡਰਲ ਸਰਕਾਰ ਪਾਸੋਂ ਇੱਥੇ ਐਮਰਜੈਂਸੀ ਘੋਸ਼ਿਤ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਸਰੀ ਸਿਟੀ ਕੌਂਸਲ ਨੇ ਮੰਗਲਵਾਰ ਰਾਤ ਨੂੰ ਇਕ ਪ੍ਰਸਤਾਵ ਪਾਸ ਕਰਦਿਆਂ ਕਿਹਾ ਕਿ ਮੌਜੂਦਾ ਹਾਲਾਤਾਂ ਨਾਲ ਨਜਿੱਠਣ ਲਈ ਵਿਸ਼ੇਸ਼ ਅਧਿਕਾਰਾਂ ਦੀ ਲੋੜ ਹੈ। ਸ਼ਹਿਰ ਦੇ ਅਧਿਕਾਰੀਆਂ ਮੁਤਾਬਕ, ਸਿਰਫ਼ ਇਸ ਮਹੀਨੇ ਦੌਰਾਨ ਹੀ ਵਿੱਚ ਜ਼ਬਰਦਸਤੀ ਵਸੂਲੀ ਦੇ ਕਰੀਬ 35 ਸ਼ੱਕੀ ਮਾਮਲੇ ਦਰਜ ਹੋ ਚੁੱਕੇ ਹਨ, ਜਿਸ ਨਾਲ ਕਾਰੋਬਾਰੀਆਂ ਅਤੇ ਆਮ ਨਾਗਰਿਕਾਂ ਵਿੱਚ ਡਰ ਅਤੇ ਅਣਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ।



ਸਰੀ ਦੀ ਮੇਅਰ ਬਰਾਂਡਾ ਲੋਕ ਦੀ ਇੱਕ ਤਸਵੀਰ

ਕੌਂਸਲ ਵੱਲੋਂ ਪਾਸ ਕੀਤੇ ਗਏ ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਜੇ ਫੈਡਰਲ ਪੱਧਰ ‘ਤੇ ਐਮਰਜੈਂਸੀ ਦਾ ਐਲਾਨ ਕੀਤਾ ਜਾਂਦਾ ਹੈ ਹੈ ਤਾਂ ਕਾਨੂੰਨੀ ਏਜੰਸੀਆਂ ਨੂੰ ਵਾਧੂ ਸਾਧਨ, ਸਰੋਤ ਅਤੇ ਅਧਿਕਾਰ ਮਿਲ ਸਕਣਗੇ, ਜਿਸ ਨਾਲ ਗੈਂਗ ਨੈੱਟਵਰਕਾਂ ਅਤੇ ਜ਼ਬਰਦਸਤੀ ਵਸੂਲੀ ਨਾਲ ਜੁੜੇ ਅਪਰਾਧਾਂ ‘ਤੇ ਪ੍ਰਭਾਵਸ਼ਾਲੀ ਕਾਰਵਾਈ ਸੰਭਵ ਹੋ ਸਕੇਗੀ

ਸ਼ਹਿਰੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਮੌਜੂਦਾ ਸਥਿਤੀ ਸਿਰਫ਼ ਸਰੀ ਤੱਕ ਹੀ ਸੀਮਿਤ ਨਹੀਂ ਰਹੀ, ਸਗੋਂ ਇਹ ਇਲਾਕੇ ਦੀ ਸਮੁੱਚੀ ਸੁਰੱਖਿਆ ਲਈ ਚੁਣੌਤੀ ਬਣ ਰਹੀ ਹੈ। ਇਸ ਕਾਰਨ ਕੇਂਦਰੀ ਸਰਕਾਰ, ਸੂਬਾਈ ਪ੍ਰਸ਼ਾਸਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਾਂਝੇ ਯਤਨਾਂ ਦੀ ਲੋੜ ਹੈ।

## ਗੋਲੀਬਾਰੀ ਅਤੇ ਜਬਰਦਸਤੀ ਵਸੂਲੀ ਮਾਮਲਿਆਂ ਤੋਂ ਦੁਖੀ ਸਰੀ ਨਿਵਾਸੀਆਂ ਵੱਲੋਂ ਖੁਦ-ਰੱਖਿਆ ਕਾਨੂੰਨ ਮਜ਼ਬੂਤ ਕਰਨ ਦੀ ਮੰਗ




ਜਬਰਦਸਤੀ ਵਸੂਲੀ ਦੇ ਡਰ ਵਿਰੁੱਧ ਸਰੀ ਵਿੱਚ ਹੋਈ ਰੈਲੀ ਦੌਰਾਨ ਨਿਵਾਸੀ ਸਖ਼ਤ ਕਾਨੂੰਨਾਂ ਦੀ ਮੰਗ ਕਰਦੇ ਹੋਏ।

**ਵੈਨਕੂਵਰ, (ਮਲਕੀਤ ਸਿੰਘ)** — ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਜਬਰਦਸਤੀ ਵਸੂਲੀ ਦੀਆਂ ਧਮਕੀਆਂ ਅਤੇ ਗੋਲੀਬਾਰੀ ਦੀਆਂ ਲਗਾਤਾਰ ਵੱਧ ਰਹੀਆਂ ਘਟਨਾਵਾਂ ਤੂੰ ਦੁਖੀ ਅਤੇ ਸਹਿਮ ਦੇ ਮਾਹੌਲ ਕਾਰਨ ਕੁਝ ਸਰੀ ਨਿਵਾਸੀਆਂ ਨੇ ਐਤਵਾਰ ਨੂੰ ਰੈਲੀ ਕਰਕੇ ਖੁਦ-ਰੱਖਿਆ ਸੰਬੰਧੀ ਕਾਨੂੰਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਕੀਤੀ ਗਈ। ਰੈਲੀ ਦੌਰਾਨ ਲੋਕਾਂ ਨੇ ਸੁਰੱਖਿਆ ਲਈ ਸਖ਼ਤ ਕਦਮ, ਤੇਜ਼ ਕਾਰਵਾਈ ਅਤੇ ਬਿਹਤਰ ਸੁਰੱਖਿਆ ਪ੍ਰਬੰਧਾਂ ਦੀ ਅਪੀਲ ਕੀਤੀ। ਰੈਲੀ ਵਿੱਚ ਸ਼ਾਮਲ ਲੋਕਾਂ ਦਾ ਕਹਿਣਾ ਸੀ ਕਿ ਲਗਾਤਾਰ ਆ ਰਹੀਆਂ ਧਮਕੀਆਂ ਕਾਰਨ ਕਾਰੋਬਾਰੀਆਂ ਅਤੇ ਪਰਿਵਾਰਾਂ ਵਿੱਚ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ। ਕੁਝ ਨਿਵਾਸੀਆਂ ਨੇ ਇਹ ਵੀ ਕਿਹਾ ਕਿ ਕਾਨੂੰਨਾਂ ਵਿੱਚ ਐਸੇ ਬਦਲਾਅ ਹੋਣੇ ਚਾਹੀਦੇ ਹਨ, ਜਿਨ੍ਹਾਂ ਨਾਲ ਲੋਕ ਆਪਣੀ ਜਾਨ-ਮਾਲ ਦੀ ਰੱਖਿਆ ਖੁਦ ਕਰ ਸਕਣ। ਰੈਲੀ ਦੌਰਾਨ “ਸੁਰੱਖਿਆ ਪਹਿਲਾਂ” ਅਤੇ “ਡਰ ਤੋਂ ਉੱਪਰ ਏਕਤਾ” ਵਰਗੇ ਨਾਅਰਿਆ ਵਾਲੀਆਂ ਤਖਤੀਆਂ ਫੜੀ ਵੀ ਨਜ਼ਰੀ ਆਏ ਠੀਕ ਇਸੇ ਤਰ੍ਹਾਂ ਦੀ ਰੋਸ ਰੈਲੀ ਸ਼ਨੀਵਾਰ ਅਤੇ ਐਤਵਾਰ ਨੂੰ ਕਿੰਗ ਜੋਰਜ ਅਤੇ 88 ਐਵਨਿਊ ਦੇ ਕੋਰਨਰ ਵਿੱਚ ਵੀ ਕੀਤੀ ਗਈ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਨਵੇਂ ਸਾਲ ਦੇ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਸਰੀ ਦੇ ਵਿੱਚ ਗੋਲੀਬਾਰੀ ਦੇ ਨਾਲ ਨਾਲ ਅਜਿਹੀਆਂ ਹੋਰ ਘਟਨਾਵਾਂ ਚ ਇੱਕਦਮ ਵਾਧਾ ਹੋਣ ਕਾਰਨ ਸਥਾਨਕ ਲੋਕਾਂ ਚ ਜਿੱਥੇ ਸਹਿਮ ਦੀ ਭਾਵਨਾ ਹੈ ਉੱਥੇ ਨਾਲ ਦੀ ਨਾਲ ਪ੍ਰਸ਼ਾਸਨ ਅਤੇ ਪੁਲਿਸ ਦੀ ਕਾਰਗੁਜ਼ਾਰੀ ਪ੍ਰਤੀ ਰੋਸ ਵੀ ਵੇਖਿਆ ਜਾ ਰਿਹਾ ਹੈ।

ਸਮਾਜ ਵੀਕਲੀ ਨਿਊਜ਼

for more news visit:
**www.samajweekly.com**



# ਵਿਸ਼ਵ ਜੋਤੀ

" ਬਾਬੂ ਜੀ, ਤੁਹਾਡਾ ਨੰਬਰ ਬਾਬੇ ਤੋ ਬਾਅਦ"
" ਅੱਛਾ ।"
" ਲਾਲਾ ਜੀ, ਤੁਹਾਡਾ ਨੰਬਰ ਬਾਬੂ ਜੀ ਤੋ ਬਾਅਦ"
ਬਠਿੰਡੇ ਦੀ ਗੋਲ ਮਾਰਕੀਟ ਦੇ ਨੇੜੇ ਪਾਣੀ ਦੀ ਟੈਂਕੀ ਦੇ ਥੱਲੇ ਖੜ੍ਹਾ ਗਿਆਨੀ ਪਰਾਂਠੇ ਵਾਲਾ ਆਪਣੇ ਗਾਹਕ ਨਿਪਟਾ ਰਿਹਾ ਸੀ । ਮੇਰਾ ਨੰਬਰ ਬਾਬੇ ਤੋ ਬਾਅਦ ਸੀ ਪਰ ਬਾਬੇ ਤੋ ਪਹਿਲਾਂ ਪਤਾ ਨਹੀ ਕਿੰਨੇ ਹੋਰ ਆਦਮੀ ਲਾਈਨ ਵਿੱਚ ਲੱਗੇ ਹੋਏ ਸਨ । ਮੈਂ ਆਪਣੀ ਵਾਰੀ ਦੀ ਇੰਤਜਾਰ ਵਿੱਚ ਪਾਸੇ ਹੋ ਕੇ ਖਲੋ ਗਿਆ ਤੇ ਬਾਬੇ ਵੱਲ ਵੇਖਣ ਲੱਗ ਪਿਆ। ਸੱਤਰ ਅੱਸੀ ਸਾਲਾਂ ਦਾ ਬਾਬਾ ਗਿਆਨੀ ਦੇ ਪਰਾਂਠੇ ਕਿਵੇ ਹਜਮ ਕਰੂ । ਇਹ ਮੇਰੀ ਸੋਚ ਦਾ ਵਿਸ਼ਾ ਸੀ ।
'ਬਾਬਾ, ਪਰਾਂਠਾ ਤਾਂ ਕਾਫੀ ਭਾਰਾ ਹੁੰਦਾ ਹੈ। ਤੁਹਾਡੇ ਹਾਜਮ ਆਜੂ ।" ਮੈ ਜਿਗਿਆਸਾ ਵਸ ਬਾਬੇ ਨੂੰ ਪੁੱਛਿਆ ।
"ਬੇਟਾ, ਮਜਬੂਰੀ ਦਾ ਨਾਂ........ ਹੈ। ਪਰ ਕੀ ਕਰਾਂ, ਮੇਰੀ ਤਾਂ ਉਮਰ ਖਿਚੜੀ ਦਲੀਆ ਖਾਣ ਦੀ ਹੈ। "
ਬਾਬੇ ਨੇ ਗੱਲ ਲਮਕਾਉਣ ਦੇ ਤਰੀਕੇ ਨਾਲ ਕਿਹਾ। ਮੈ ਬਾਬੇ ਵਿੱਚ ਦਿਲਚਸਪੀ ਲੈਣੀ ਸੂਰੂ ਕਰ ਦਿੱਤੀ।
"ਬਾਬੂ ਜੀ ਤੁਸੀ ਕੀ ਕਰਦੇ ਹੋ?" ਬਾਬੇ ਨੇ ਅਚਾਨਕ ਮੈਨੂੰ ਪੁੱਛਿਆ।
"ਮੈ ਕਹਾਣੀਆਂ ਲਿਖਦਾ ਹਾਂ, ਮੇਰੀਆਂ ਕਹਾਣੀਆਂ ਅਖਬਾਰਾਂ ਵਿੱਚ ਛਪਦੀਆਂ ਹਨ। ਮੈ ਕਿਹਾ।
"ਅੱਛਾ ਕਹਾਣੀਆਂ ਲਿਖਦੇ ਹੋ ।'ਕਹਾਣੀਆਂ ਤਾਂ ਸਾਡੇ ਕੋਟਕਪੂਰੇ ਵਾਲੀ ਵਿਸ਼ਵਜੋਤੀ ਧੀਰ ਵੀ ਲਿਖਦੀ ਹੈ । ਬਹੁਤ ਵਧੀਆ । ਪਤਾ ਨਹੀ ਕਿਥੋ ਲੱਭ ਕੇ ਲਿਆਉਦੀ ਹੈ । ਹਰ ਇੱਕ ਦਾ ਦੁੱਖ ਦਰਦ ਸਮਝਦੀ ਹੈ । ਖਾਸ ਕਰਕੇ ਧੀਆਂ ਦਾ ਤੇ ਔਰਤਾਂ ਦਾ । ਨਵੀ ਸੋਚ ਦਿੰਦੀ ਹੈ । ਉਹ ਤਾਂ ਪੁੱਤਾਂ ਵਰਗੀ ਧੀ ਹੈ। ਕੈਜਾ ਦਿਮਾਗ ਦਿੱਤਾ ਹੈ ਰੱਬ ਨੇ ਉਸ ਨੂੰ। ਬਾਬੇ ਦੀ ਸਾਹਿਤਿਕ ਰੁਚੀ ਵੇਖ ਕੇ ਮੈ ਬਾਬੇ ਦੇ ਹੋਰ ਨੇੜੇ ਹੋ ਗਿਆ ।
"ਬਾਬੂ ਜੀ, ਸੋਡਾ ਤਾਂ ਮੈਨੂੰ ਪਤਾ ਨਹੀ ਕੈਜਾ ਲਿਖਦੇ ਹੋ, ਉਸ ਦੀਆਂ ਕਹਾਣੀਆਂ ਤਾਂ ਕਮਾਲ ਦੀਆਂ ਹੁੰਦੀਆਂ ਹਨ ।
ਮੈ ਉਸਦੀ ਕਹਾਣੀ "ਛਿੰਦਾ ਪੁੱਤ" ਕਹਾਣੀ ਪੜ੍ਹੀ ਸੀ । ਖਬਾਰ ਚ । ਮੇਰੀ ਤਾਂ ਰੂਹ ਖੁਸ ਹੋਗੀ ਪੜ੍ਹ ਕੇ । ਧੀ ਹੋ ਕੇ ਪੁੱਤਾਂ ਵਰਗੀ ਧੀ ਬਾਰੇ ਲਿਖਿਆ । ਕਮਾਲ ਕਰਤੀ ਬਈ ਓਸ ਨੇ ............।
ਬਾਬਾ ਜੀ ਲਓ ਤੁਹਾਡਾ ਪਰਾਂਠਾ ।" ਗਿਆਨੀ ਨੇ ਬਾਬੇ ਨੂੰ ਬੁਲਾ ਕੇ ਪਰਾਂਠਾ
ਦਿੱਤਾ । ਸਾਡੀ ਗੱਲਬਾਤ ਦਾ ਸਿਲਸਿਲਾ ਟੁੱਟ ਗਿਆ । ਬਾਬੇ ਨੇ ਪਰਾਂਠੇ ਦੀ ਪਲੇਟ ਫੜ੍ਹ ਕੇ ਇੱਕ ਹੋਰ ਪਰਾਂਠਾ ਪੈਕ ਕਰਨ ਦਾ ਆਰਡਰ ਗਿਆਨੀ ਨੂੰ ਦੇ ਦਿੱਤਾ । ਮੈਨੂੰ ਪੁੱਛਣ ਦਾ ਮੌਕਾ ਮਿਲ ਗਿਆ ।
"ਬਾਬਾ ਜੀ ਪਰਾਂਠਾ ਪੈਕ ਕਿਸ ਵਾਸਤੇ ?" ਮੈ ਬਾਬੇ ਨੂੰ ਪੁੱਛਿਆ । ਖਬਰੇ ਮੈਨੂੰ ਕੁੱਝ ਨਵਾਂ ਮਿਲ ਜਾਵੇ।
ਬਾਬਾ ਪਰਾਂਠਾ ਖਾਂਦਾ ਖਾਂਦਾ ਮੇਰੇ ਹੋਰ ਨੇੜੇ ਹੋ ਗਿਆ ।"ਬਾਬੂ ਜੀ ਮੇਰੀ ਕਹਾਣੀ ਵੀ ਬਹੁਤ ਲੰਮੀ ਹੈ, ਲਿਖੋਗੇ ?" ਪਰ ਤੁਸੀ ਕੀ ਲਿਖਣੀ ਹੈ, ਸੋਡੇ ਕੋਲ ਤਾਂ ਸੁਨਣ ਦਾ ਵੀ ਟੈਮ ਨਹੀ ਹੋਣਾ ਸੈਦ । ਸੋਡੇ ਕੋਲ ਤਾਂ ਕੀ, ਮੇਰੇ ਜੰਮਿਆਂ ਕੋਲ ਵੀ ਟੈਮ ਨਹੀ ਮੇਰੀ ਗੱਲ ਸੁਨਣ ਦਾ। ਬੁਢਿਆਂ ਨੂੰ ਕੌਣ ਸੁਣਦਾ ਹੈ ? ਸਭ ਨੂੰ ਆਪੋ ਆਪਣੀ ਪਈ ਹੈ।"
ਬਾਬੇ ਦੇ ਦੁੱਖਾਂ ਦੇ ਸਬਰ ਦਾ ਪਿਆਲਾ ਛੱਲਕਣ ਲਈ ਤਿਆਰ ਸੀ।"ਬਾਬੂ ਜੀ ਤੁਹਾਡਾ ਪਰਾਂਠਾ", ਗਿਆਨੀ ਨੇ ਫੇਰ ਵਾਜ ਮਾਰ ਦਿੱਤੀ ।ਮੈ ਪਲੇਟ ਫੜ੍ਹ ਕੇ ਗਰਮ ਗਰਮ ਪਰਾਂਠਾ ਲੈ ਕੇ ਬਾਬੇ ਦੇ ਨੇੜੇ ਹੋ ਗਿਆ । ਬਾਬੂ ਜੀ, ਮੇਰੀ ਕੋਟਕਪੂਰੇ ਦੁਕਾਨ ਚਲਦੀ ਸੀ ਬਹੁਤ ਵੱਧੀਆ । ਮੇਰੀ ਦੁਕਾਨ ਨੂੰ ਵੇਖ ਕੇਹੀ ਮੇਰਾ ਵਿਆਹ, ਰਾਜੇ ਆਲੇ ਫਰੀਦਕੋਟ ਹੋ ਗਿਆ । ਮੈ ਵੀ ਖੁਸਓ ਤੇ ਮੇਰੇ ਸਹੁਰੇ ਵੀ ਖੁਸਓ । ਮੇਰੇ ਮਾਂ ਪਿਓ ਤਾਂ ਖੁਸ ਹੋਣੇ ਹੀ ਸਨ। ਪਰ ਮੇਰੀ ਖੁਸ਼ੀ ਥੋੜੇ ਦਿਨ ਹੀ ਚੱਲੀ । ਜਦੋ ਆਉਣ ਵਾਲੇ ਪੋਤੇ ਦੀ ਲਾਲਸਾ ਕਾਰਨ ਮੇਰੀ ਮਾਂ ਨੇ ਪੋਤੀ ਨੂੰ ਜੰਮਣ ਤੇ ਪਹਿਲਾਂ ਹੀ ਉਪਰ ਦਾ ਰਸਤਾ ਦਿਖਾ ਦਿੱਤਾ । ਚਾਰ ਪੋਤਿਆਂ ਦੀ ਲਾਈਨ ਲਗਾਉਣ ਲਈ ਮੈਨੂੰ ਤਿੰਨ ਕਤਲਾਂ ਦਾ ਦੋਸ਼ੀ ਬਣਾ ਦਿੱਤਾ । ਪਰ ਏਸ ਕਾਰੇ ਨੇ ਮੈਨੂੰ ਮੇਰੀ ਆਤਮਾ ਤੋ ਨੀਵਾਂ ਦਿਖਾ ਦਿੱਤਾ । ਮੈ ਅਤੇ ਮੇਰੇ ਘਰਵਾਲੀ ਅਕਸਰ ਏਸੇ ਬੋਝ ਨਾਲ ਦਬੇ ਰਹਿੰਦੇ ।ਸਾਨੂੰ ਇਸ ਦੀ ਸਜਾ ਜਰੂਰ ਮਿਲੇਗੀ, ਸਾਡੀ ਆਤਮਾ ਕਹਿੰਦੀ। ਪਰ ਸਾਡਾ ਕੰਮ ਕਾਜ ਵਧੀਆ ਸੀ। ਚਾਰੇ ਮੁੰਡੇ ਪੜ੍ਹ ਕੇ ਕੋਰਸ ਕਰਨ ਲੱਗ ਗਏ । ਸਾਨੂੰ ਰੱਬ ਯਾਦ ਨਾਂ ਰਿਹਾ । ਵੱਡਾ ਮੁੰਡਾ ਸਰਕਾਰੀ ਮਾਸਟਰ ਬਣ ਗਿਆ ਤੇ ਮਾਸਟਰਣੀ ਨਾਲ ਹੀ ਵਿਆਹਿਆ ਗਿਆ । ਉਸਨੇ ਆਪਣੇ ਤੋ ਛੋਟੇ ਦੋਹਾਂ ਨੂੰ ਵੀ ਪੜ੍ਹਾ ਕੇ ਮਾਸਟਰ ਲਗਵਾ ਦਿੱਤਾ ਤੇ ਨੌਕਰੀ ਲੱਗਦਿਆਂ ਨਾਲ ਹੀ ਉਹਨਾਂ ਦੇ ਰਿਸ਼ਤੇ ਹੋ ਗਏ । ਮੁੰਡੇ ਨੌਕਰੀ ਲੱਗ ਕੇ, ਵਿਆਹ ਕਰਾ ਕੇ, ਅੱਡ ਹੁੰਦੇ ਗਏ । ਸਾਡੀ ਨਜਰ ਹੁਣ ਸੱਭ ਤੋ ਛੋਟੇ ਤੇ ਸੀ । ਉਹ ਪੜ੍ਹਾਈ ਵਿੱਚ ਕਾਫੀ ਹੁਸ਼ਿਆਰ ਸੀ । ਪੜ੍ਹ ਕੇ ਉਹ ਬੈਂਕ ਵਿੱਚ ਲੱਗ ਗਿਆ ਤੇ ਬੈਂਕ ਵਾਲੀ ਨਾਲ ਹੀ ਉਸਨੇ ਵਿਆਹ ਕਰਵਾ ਲਿਆ ।ਗੱਲ ਕੀ, ਆਨੇ-ਬਹਾਨੇ ਸਾਨੂੰ ਚਾਰੇ ਹੀ ਛੱਡ ਗਏ। ਪਹਿਲਾਂ ਕਦੇ ਕਦੇ ਮਿਲਣ ਆਉਦੇ, ਫਿਰ ਕਦੇ ਕਦੇ ਚਿੱਠੀ ਪਾਉਦੇ ਤੇ ਅੰਤ ਨੂੰ ਟੈਲੀਫੋਨ, ਉਹ ਵੀ ਮਹੀਨੇ ਛਿਮਾਹੀ ਕਰਕੇ ਸਾਰ ਦਿੰਦੇ । ਹੌਲੀ-ਹੌਲੀ ਉਹ ਸਾਨੂੰ ਭੁੱਲ ਹੀ ਗਏ। ਮੈ ਇੱਕ ਕਮਰੇ ਵਿੱਚ ਚਾਰ ਬੱਚਿਆਂ ਨੂ ਪਾਲਿਆ, ਪੜ੍ਹਾਇਆ, ਵਿਆਹਿਆ ਪਰ ਹੁਣ ਚਾਰਾਂ ਕੋਲ ਚਾਰ ਘਰ ਹਨ ਪਰ ਮੇਰਾ ਘਰ ਕੋਈ ਨਹੀ । ਕੰਮ ਬੰਦ ਹੋ ਗਿਆ । ਕੱਚੀ ਖੋਲੀ ਵਿਕ ਗਈ। ਮੈ ਕੋਟਕਪੂਰਾ ਛੱਡ ਕੇ ਬਠਿੰਡੇ ਆ ਗਿਆ, ਕਿਰਾਏ ਤੇ ਕਮਰਾ ਲੈ ਲਿਆ ।
ਕੰਮਕਾਰ ਛੁੱਟ ਗਿਆ ਤੇ ਰੋਟੀ ਟੁੱਕ ਦੀ ਵੀ ਨੌਬਤ ਆ ਗਈ । ਬੁਢਾਪਾ ਪੈਨਸਨ ਅਤੇ ਲੋਕਾਂ ਕੋਲੋ ਮੰਗ ਕੇ ਪੇਟ ਭਰਨ ਲਈ ਮਜਬੂਰ ਹਾਂ ਅਸੀ ।ਨਾ ਮੈਨੂੰ ਦਿਸਦਾ ਭਾਲਦਾ ਹੈ ਨਾ ਉਸਨੂੰ। ਰੋਟੀ ਪਕਾਉਣੀ ਤਾਂ ਇੱਕ ਪਾਸੇ ਰਹੀ ਉਹ ਤਾਂ ਕੱਲੀ ਜੰਗਲ ਪਾਣੀ ਵੀ ਨਹੀ ਜਾ ਸਕਦੀ।ਚਾਰ ਮੁੰਡਿਆਂ ਦੇ ਮਾਂ ਪਿਉ ਦੀ ਇਹ ਹਾਲਤ । ਕੋਈ ਯਕੀਨ ਨਹੀਓ ਕਰਦਾ । ਕਾਸ਼ ਇੱਕ ਧੀ ਜਰੂਰ ਹੁੰਦੀ ਜੋ ਸਾਡਾ ਦੁੱਖ ਸਮਝਦੀ । ਸਾਨੂੰ ਬੇਸ਼ਕ ਰੋਟੀ ਨਾਂ ਦਿੰਦੀ ਪਰ ਸਾਡਾ ਦੁੱਖ ਤਾਂ ਸੁਣਦੀ ।ਸਾਡਾ ਮਨ ਹਲਕਾ ਹੋ ਜਾਂਦਾ ।'
"ਬਾਬਾ ਜੀ ਲਉ ਜੀ ਆਪਣਾ ਪਰਾਂਠਾ ।" ਗਿਆਨੀ ਨੇ ਪੈਕ ਕੀਤਾ ਪਰਾਂਠਾ ਬਾਬੇ ਨੂੰ ਫੜਾ ਦਿੱਤਾ" । ਚੰਗਾ ਬਾਬੂ ਜੀ, ਤੁਸੀ ਤਾਂ ਮੇਰੀਆਂ ਅਣਹੋਈਆਂ ਧੀਆਂ ਵਰਗੇ ਜਿਸ ਨੇ ਮੇਰੀ ਦੁੱਖ ਭਰੀ ਕਹਾਣੀ ਸੁਣ ਲਈ । ਮੇਰੇ ਮਨ ਦਾ ਬੋਝ ਹਲਕਾ ਹੋ ਗਿਆ। ਬਾਬੂ ਜੀ ਤੁਸੀ ਮੇਰੀ ਕਹਾਣੀ ਜਰੂਰ ਲਿਖਿਓ ਤਾਂ ਕਿ ਆਹ ਜਿਹੜੇ ਮੁੰਡਾ ਮੁੰਡਾ ਕੁਰਲਾਉਦੇ ਐ ਉਹਨਾਂ ਨੂੰ ਧੀਆਂ ਦੀ ਅਹਿਮੀਅਤ ਅਤੇ ਮੁੰਡਿਆਂ ਦੀਆਂ ਕਰਤੂਤਾਂ ਬਾਰੇ ਪਤਾ ਚੱਲ ਸਕੇ । ਵੈਸੇ ਸਾਰੇ ਮੁੰਡੇ ਇਕੋ ਜਿਹੇ ਨਹੀ ਹੁੰਦੇ ਪਰ ਫਿਰ ਵੀ ਅੱਖਾਂ ਤੇ ਪਈ ਮੋਹ ਦੀ ਪੱਟੀ ਤਾਂ ਉੱਤਰਨੀ ਹੀ ਚਾਹੀਦੀ ਹੈ ।' ਬਾਬੇ ਨੇ ਅੱਖਾਂ ਚੋ ਆਇਆ ਪਾਣੀ ਪੂੰਝਿਆ । ਮੇਰੇ ਵੱਲ ਨੀਝ ਲਾਕੇ ਵੇਖਿਆ ਤੇ ਠੰਡਾ ਜਿਹਾ ਹਾਉਕਾ ਲਿਆ । ਮੈਨੂੰ ਲੱਗਿਆ ਬਾਬੇ ਨੂੰ ਪਰਾਂਠੇ ਦੇ ਸੁਆਦ ਨਾਲੋ ਵੱਧ ਤਸੱਲੀ ਹੋ ਗਈ ਤੇ ਪੈਕ ਕੀਤਾ ਪਰਾਂਠਾ ਲੈ ਕੇ ਬਾਬਾ ਉਥੋ ਚਲਾ ਗਿਆ ।



**ਰਮੇਸ ਸੇਠੀ ਬਾਦਲ**
**9876627 233.**

# ਪਤੰਗਬਾਜਾਂ ਅਤੇ ਚੀਨੀ ਡੋਰ ਵੇਚਣ ਵਾਲਿਆਂ ਦਾ ਮਨੋਵਿਗਿਆਨ ਅਤੇ ਸਮਾਜ ਦੇ ਸੇਵਕ- ਲੇਖਕ, ਵਪਾਰੀ ਪਤੰਗ ਬਾਜ਼, ਸਫ਼ਾਈ ਸੇਵਕ ਤੇ ਸਮਾਜ ਸੇਵਕ

ਕਰੀਬ ਡੇਢ ਦੋ ਮਹੀਨਿਆਂ ਤੋਂ ਅਖਬਾਰਾਂ ,ਰੇਡੀਓ , ਟੀ. ਵੀ. ਚੈਨਲਾਂ , ਸੋਸ਼ਲ ਮੀਡੀਆ ਉੱਪਰ ਚੀਨੀ ਡੋਰ ਦੀ ਉਸੇ ਤਰ੍ਹਾਂ ਹੀ ਚਰਚਾ ਚੱਲ ਰਹੀ ਹੈ ਝ ਜਿਸ ਤਰ੍ਹਾਂ ਅੱਜ ਤੋਂ ਪੰਜ ਸਾਲ ਪਹਿਲਾਂ ਕੋਰੋਨਾ ਕਾਲ ਵਿੱਚ ਕੋਰੋਨਾ ਦੀ ਬਿਮਾਰੀ ਤੋਂ ਬਚਾਅ ਲਈ ਚੱਲ ਰਹੀ ਸੀ ਝ ਲੇਖ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਗੱਲ ਮੈਂ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਲਈ ਲਿਖਿਆ ਜਾ ਰਿਹਾ ਜਾਂ ਪ੍ਰਸਾਸਨ ਵੱਲੋਂ ਸਖਤੀ ਕੀਤੀ ਜਾ ਰਹੀ ਹੈ। ਉਹ ਵਰਗ ਸੋਸ਼ਲ ਮੀਡੀਆ ਤੋਂ ਬਿਨ੍ਹਾਂ ਅਖਬਾਰ, ਟੀ ਵੀ ਰੇਡੀਓ ਆਦਿ ਦੀ ਉਹ ਲੋਕ ਵਰਤੋਂ ਹੀ ਨਹੀਂ ਕਰ ਰਹੇ ਹਨ । ਇਸ ਕਾਰਨ ਇਹ ਯਤਨ ਬਹੁਤੇ ਕਾਮਯਾਬ ਨਹੀਂ ਹੋ ਰਹੇ ਹਨ।

ਹੁਣ ਮੈਂ ਪਤੰਗ ਚੜਾਉਣ ਵਾਲੇ ਬੱਚਿਆਂ ਦੇ ਮਾਨਸਿਕਤਾ ਸਬੰਧੀ ਤੁਹਾਡੇ ਨਾਲ ਚਰਚਾ ਕਰਾਂਗਾ। ਬੱਚਿਆਂ ਦੇ ਮਾਪੇ ਉਨ੍ਹਾਂ ਨੂੰ ਪਤੰਗਾਂ- ਡੋਰ ਲਈ ਸੀਮਤ ਪੈਸੇ ਦਿੰਦੇ ਹਨ। ਰਵਾਇਤੀ ਡੋਰਾਂ ਜਿਸ ਵਿੱਚ ਬਰੇਲੀ, ਪਾਂਡਾ 6, ਤਾਰਾ 8, ਤਾਰਾ 12 ਤਾਰਾ ਤੋਂ ਬਿਨ੍ਹਾਂ ਅਨੇਕਾਂ ਹੋਰ ਕਿਸਮਾਂ ਹੁੰਦੀਆਂ ਹਨ। ਉਹ ਡੋਰਾਂ ਸਧਾਰਨ ਡੋਰਾਂਨਾਲ ਸਫ਼ਲਤਾ ਨਾਲ ਅਤੇ ਪਤੰਗ ਵੀ ਕੱਟਦੀਆਂ ਹਨ। ਪਰ ਜਦੋਂ ਅਸਮਾਨ ਵਿੱਚ ਚੀਨੀ ਡੋਰ ਵਾਲਾ ਇੱਕ ਪਤੰਗ ਵੀ ਆ ਜਾਂਦਾ ਹੈ । ਚੀਨੀ ਡੋਰ ਵਾਲਾ 10 ਪਤੰਗਬਾਜਾਂ ਉਪਰ ਵੀ ਭਾਰੀ ਪੈ ਜਾਂਦਾ ਹੈ ਅਤੇ ਇੱਕ ਪਤੰਗ ਨਾਲ ਹੀ 20-25 ਪਤੰਗ ਕੱਟ ਦਿੰਦਾ। ਜਿਸ ਕਾਰਨ ਦੂਜੀਆਂ ਧਿਰਾਂ ਵਿੱਚ ਹੀਣ ਭਾਵਨਾਂ ਮਹਿਸੂਸ ਹੁੰਦੀ ਹੈ । ਫਿਰ ਉਸਦਾ ਮੁਕਾਬਲਾ ਕਰਨ ਲਈ ਉਹ ਦੂਜੀਆਂ ਧਿਰਾਂ ਮਜਬੂਰੀ ਵਿੱਚ ਚੀਨੀ ਡੋਰ ਦੀ ਵਰਤੋਂ ਕਰਦੀਆਂ ਹਨ। ਇਸ ਕਾਰਨ ਇਸ ਦੀ ਵਿੱਕਰੀ ਬਿਲਕੁੱਲ ੱਬੰਦ ਹੋਣੀ ਚਾਹੀਦੀ ਹੈ । ਕਿਸੇ ਪਾਸੇ ਵੀ ਚੋਰ- ਮੋਰੀ ਨਹੀਂ ਹੋਣੀ ਚਾਹੀਦੀ। ਜਿੱਥੇ ਇਹ ਡੋਰ ਵਿੱਕ ਕੇ ਅਸਮਾਨ ਵਿੱਚ ਇਸ ਨਾਲ ਗੁੱਡੀ ਅਸਮਾਨ ਵਿੱਚ ਗੁੱਡੀ ਚੜੇ।

ਦੂਜਾ ਕਾਰਨ ਚਾਈਨਾ ਡੋਰ ਵੇਚਣ ਵਾਲਾ ਦੁਕਾਨਦਾਰ ਤਬਕਾ ਹੈ ਉਹ ਨਾ ਤਾਂ ਅਖ਼ਬਾਰ ਪੜ੍ਹਦਾ ਹੈ ਤੇ ਨਾ ਹੀ ਰੇਡੀਓ ਸੁਣਦਾ ਹੈ। ਟੈਲੀਵਿਜ਼ਨ ਤਾਂ ਉਸਨੇ ਦੇਖਣਾ ਹੀ ਕੀ ਹੈ। ਉਸ ਨੇ ਤਾਂ ਬੱਸ ਪੈਸੇ ਕਮਾਉਂਦੇ ਹਨ।ਇਸ ਕਾਰਨ, ਉਹ ਬੜੇ ਹੀ ਤਰੀਕੇ ਨਾਲ ਚੱਲਦ। ਮਾਲ ਲੈਣ ਤੋਂ ਪਹਿਲਾਂ ਹੀ ਉਹ ਸੈਟਿੰਗ ਕਰਦਾ ਹੈ ਕਿ ਉਸ ਸੁਰੱਖਿਅਤ ਭੇਜ ਸਕੇ।ਇਸ ਕਾਰਨ ਚੀਨੀ ਡੋਰ ਦਾ ਖ਼ਾਤਮਾ ਕਰਨ ਲਈ ਸਭ ਤੋਂ ਪਹਿਲਾਂ ਵਪਾਰੀਆਂ ਉੱਪਰ ਸਖ਼ਤੀ ਕਰਕੇ ਉਸਦੀ ਸੈਟਿੰਗ ਨੂੰ ਅਪਸੈਟਿੰਗ ਕਰਨਾ ਪਵੇਗਾ। ਇਹ ਮਾਮਲੇ ਦਾ 50% ਹੱਲ ਅਪਸੈਟਿੰਗ ਹੋਣ ਨਾਲ ਹੀ ਹੋਵ- ੇਗਾ।

ਹੁਣ ਗੱਲ ਲੇਖਕਾਂ ਦੀ ਕੀਤੀ ਜਾਵੇ ਲੇਖਕਾਂ ਨੂੰ ਇੱਕ ਨਵਾਂ ਵਿਸ਼ਾ ਮਿਲਿਆ ਹੈ ਚੰਗੀ ਗੱਲ ਹੈ ਪਰ ਇਸ ਦਾ ਨਤੀਜਾ ਨਹੀਂ ਆਉਣਾ। ਕਿਉਂਕਿ ਜਿਸ ਨੇ ਨਤੀਜਾ ਦੇਣਾ ਹੈ ਉਹ ਤਬਕੇ ਤਾਂ ਇਹਨਾਂ ਚੀਜ਼ਾਂ ਦੀ ਵਰਤੋਂ ਹੀ ਨਹੀਂ ਕਰ ਰਿਹਾ। ਉਨ੍ਹਾਂ ਦੇ ਦਿਮਾਗ ਵਿੱਚ ਇਹ ਚੀਜ਼ ਜਾਂਦੀ ਹੀ ਨਹੀਂ।

ਹੁਣ ਇੱਕ ਹੋਰ ਕੰਮ ਹੋ ਸਕਦਾ ਹੈ ਬਸੰਤ ਲੰਘ ਚੁੱਕੀ ਹੈ। ਇਸ ਕਾਰਨ ਚੀਨੀ ਡੋਰ ਦੀ ਵਿਕਰੀ ਹੁਣ ਨਹੀ ਹੋ ਰਹੀ। ਚੀਨੀ ਡੋਰ ਗਲੀਆਂ, ਸੜਕਾਂ, ਤਾਰਾਂ, ਦਰਖਤਾਂ ਇਮਾਰਤਾਂ ਉਪਰ ਲਟਕ ਰਹੀ ਹੈ। ਇਸ ਨੂੰ ਸਮੇਟਣ ਲਈ ਸਮਾਜ਼ ਵਿੱਚ ਇੱਕ ਤਾਂ ਸਮਾਜ- ਸੇਵਕ ਖ਼ੁਦ ਕਾਰਜਸ਼ੀਲ ਹਨ।ਦੂਜੇ ਸਮਾਜ ਸੇਵਕ ਉਹ ਸਫਾਈ ਕਰਕੇ, ਇਸਨੂੰ ਕੂੜੇ ਵਿੱਚ ਇਕੱਠਾ ਕਰਕੇ ਲੈ ਜਾਂਦੇ ਹਨ । ਇਸ ਦਾ ਖਾਤਮਾ ਕਰਦੇ ਹਨ। ਮੇਰੀ ਸੋਚ ਹੈ ਕਿ ਅਸੀਂ ਵਿਕਰੀ ਤਾਂ ਬੰਦ ਨਹੀਂ ਕਰਵਾ ਸਕੇ ਪਰ ਜੋ ਇਹ ਕੰਮ ਸਮਾਜ ਸੇਵਕ ਅਤੇ ਸਫਾਈ - ਸੇਵਕ ਚੀਨੀ ਡੋਰ ਨੂੰ ਇਕੱਠਾ ਕਰਕੇ, ਖਤਮ ਕਰਕੇ ਸਾੜ ਰਹੇ ਹਨ। ਉਨ੍ਹਾਂ ਦੀ ਸਾਨੂੰ ਹੌਸਲਾ ਅਫ਼ਜ਼ਾਈ ਕਰਦੇ ਹੋਏ, ਉਨ੍ਹਾਂ ਦੇ ਕਰਮ ਖੇਤਰ ਵਿੱਚ ਪਹੁੰਚ ਕੇ, ਉਹਨਾਂ ਨੂੰ ਸਨਮਾਨ ਦੇਣਾ ਚਾਹੀਦਾ ਹੈ। ਇਹ ਸਨਮਾਨ ਜ਼ਰੂਰੀ ਨਹੀਂ ਪੈਸੇ ਦਾ ਹੀ ਹੋਵੇ। ਜਿਵੇਂ ਅਸੀ ਕੋਰੋਨਾ ਕਾਲ ਵਿੱਚ ਅਸੀਂ ਫੁੱਲਾਂ ਦੇ ਹਾਰ ਪਾ ਕੇ, ਉਹਨਾਂ ਨੂੰ ਅਹਿਮ ਦਰਸਾਇਆ ਸੀ। ਉਸੇ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ। ਨਿੱਜੀ ਤੌਰ ਇੱਕ ਫੁੱਲ ਦੇ ਕੇ ਵੀ ਕੀਤਾ ਜਾ ਸਕਦਾ।



**ਮਾਲਵਿੰਦਰ ਸਿੰਘ**
**ਤਿਊਣਾ,ਬਠਿੰਡਾ**

# 77 ਵੇਂ ਗਣਤੰਤਰ ਦਿਵਸ 'ਤੇ ਮੇਅਰ ਵਨੀਤ ਧੀਰ ਵਲੋਂ ਸੰਵਿਧਾਨ ਚੌਂਕ ਦਾ ਉਦਘਾਟਨ ਕੀਤਾ ਗਿਆ














**ਜਲੰਧਰ (ਪਰਮਜੀਤ ਜੱਸਲ)–** ਦੇਸ਼ ਦੇ 77ਵੇਂ ਗਣਤੰਤਰ ਦਿਵਸ 'ਤੇ ਸੰਵਿਧਾਨ ਚੌਂਕ ਦਾ ਉਦਘਾਟਨ ਨਗਰ ਨਿਗਮ ਜਲੰਧਰ ਦੇ ਮੇਅਰ ਮਾਨਯੋਗ ਵਨੀਤ ਧੀਰ, ਸੀਨੀਅਰ ਡਿਪਟੀ ਮੇਅਰ ਸ਼੍ਰੀ ਬਲਵੀਰ ਸਿੰਘ, ਜੂਨੀਅਰ ਡਿਪਟੀ ਮੇਅਰ ਸ਼੍ਰੀ ਮਲਕੀਤ ਸਿੰਘ ਅਤੇ ਸ਼੍ਰੀ ਪਵਨ ਕੁਮਾਰ ਟੀਨੂੰ ਸਾਬਕਾ ਐਮ.ਐਲ.ਏ. ਵਲੋਂ ਸਾਂਝੇ ਤੌਰ 'ਤੇ ਆਪਣੇ ਕਰ ਕਮਲਾ ਨਾਲ ਕੀਤਾ ਗਿਆ। ਉਪਰੋਤਕ ਆਗੂਆਂ ਵੱਲੋਂ ਗਣਤੰਤਰ ਦਿਵਸ 'ਤੇ ਡਾਕਟਰ ਅੰਬੇਡਕਰ ਦੀਆਂ ਦੇਸ਼ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਸਾਰੇ ਵਰਗਾਂ ਨੂੰ ਭਾਰਤੀ ਸੰਵਿਧਾਨ 'ਚ ਮੌਲਿਕ ਅਧਿਕਾਰਾਂ ਰਾਹੀਂ ਸਮਾਨਤਾ, ਸੁਤੰਤਰਤਾ, ਭਾਈਚਾਰਾ ਤੇ ਨਿਆ ਪ੍ਰਦਾਨ ਕਰਕੇ ਅਹਿਮ ਭੂਮਿਕਾ ਨਿਭਾਈ। ਐਡਵੋਕੇਟ ਰਜਿੰਦਰ ਕੁਮਾਰ ਆਜ਼ਾਦ ਪ੍ਰਧਾਨ ਲੀਗਲ ਅਵੇਅਰਨੈਸ ਮੰਚ, ਪੰਜਾਬ ਨੇ 5 ਸਾਲ ਪਹਿਲਾਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਸੀ ਕਿ ਬੀਐਮਸੀ ਚੌਂਕ ਦਾ ਨਾਮ ਬਦਲ ਕੇ "ਸੰਵਿਧਾਨ ਚੌਕ " ਰੱਖਿਆ ਜਾਵੇ। ਮੰਚ ਵੱਲੋਂ ਇਸ ਸਬੰਧੀ ਜਲੰਧਰ ਦੇ ਡਿਪਟੀ ਕਮਿਸ਼ਨਰ ਅਤੇ ਕਮਿਸ਼ਨਰ ਨਗਰ ਨਿਗਮ ਨੂੰ ਵੀ ਮੰਗ ਪੱਤਰ ਦਿੱਤੇ ਗਏ। ਨਤੀਜੇ ਵਜੋਂ ਨਗਰ ਨਿਗਮ ਹਾਊਸ ਵੱਲੋਂ ਮਤਾ ਪਾਸ ਕਰਕੇ ਬੀ.ਐਮ.ਸੀ. ਚੌਂਕ ਦਾ ਨਾਮ "ਸੰਵਿਧਾਨ ਚੌਂਕ" ਰੱਖਿਆ ਗਿਆ। ਇਸ ਚੌਂਕ ਦੇ ਨਵੀਨੀਕਰਨ ਕਰਨ ਉਪਰੰਤ ਗਣਤੰਤਰ ਦਿਵਸ ਮੌਕੇ 'ਤੇ ਉਦਘਾਟਨ ਕੀਤਾ ਗਿਆ । ਇਸ ਮੌਕੇ 'ਤੇ ਐਡਵੋਕੇਟ ਮੋਹਣ ਲਾਲ ਫਿਲੌਰੀਆ, ਐਡਵੋਕੇਟ ਰਜਿੰਦਰ ਕੁਮਾਰ ਆਜ਼ਾਦ, ਐਡਵੋਕੇਟ ਹਰਭਜਨ ਸਾਂਪਲਾ , ਐਡਵੋਕੇਟ ਰਾਜ ਕੁਮਾਰ ਬੈਂਸ , ਐਡਵੋਕੇਟ ਦੇਵਰਾਜ ,ਐਡਵੋਕੇਟ ਨਰਿੰਦਰ ਸਿੰਘ ਸਾਬਕਾ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ,ਐਡ. ਅਦਿਤਿਆ ਜੈਨ ਸਾਬਕਾ ਪ੍ਰਧਾਨ, ਐਡਵੋਕੇਟ ਵਿਜੈ ਬੱਧਣ ,ਐਡਵੋਕੇਟ ਕਰਨ ਖੁੱਲਰ ,ਐਡਵੋਕੇਟ ਜੇ.ਐਸ. ਸੋਢੀ , ਰਮੇਸ਼ ਚੋਹਕਾਂ, ਹੁਸਨ ਲਾਲ ਬੌਧ ਸਿਧਾਰਥ ਨਗਰ, ਚੰਚਲ ਬੌਧ, ਦੀਪਕ ਨਾਹਰ, ਅਨਿਲ ਹੰਸ, ਵਿਜੇ ਯਾਦਵ ਬਸਪਾ ਆਗੂ ਅਤੇ ਬਹੁਤ ਸਾਰੇ ਬੁੱਧੀਜੀਵੀ ਹਾਜ਼ਰ ਸਨ।

# ਕਵਿਤਾ ਸਕੂਲ ਅਤੇ "ਮਾਤ-ਭਾਸ਼ਾ ਦੀ ਹੋਣੀਂ" ਗੀਤ ਦਾ ਲੋਕ ਅਰਪਣ 01ਫਰਵਰੀ ਨੂੰ

**ਧੂਰੀ (ਰਮੇਸ਼ਵਰ ਸਿੰਘ)**

ਪੰਜਾਬੀ ਸਾਹਿਤ ਸਭਾ ਧੂਰੀ ਦਾ ਮਹੀਨਾਵਾਰ ਸਾਹਿਤਕ ਸਮਾਗਮ ਹਰ ਵਾਰੀ ਦੀ ਤਰ੍ਹਾਂ ਪਹਿਲੇ ਐਤਵਾਰ 01 ਫਰਵਰੀ ਨੂੰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ 10 ਵਜੇ ਸਵੇਰੇ ਕੀਤਾ ਜਾਵੇਗਾ, ਜਿਸ ਵਿੱਚ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਦੁਆਰਾ ਲਿਖਿਆ ਅਤੇ ਏ.ਆਈ ਤਕਨੀਕ ਨਾ਼ਲ ਰਿਕਾਰਡ ਕੀਤਾ ਸੱਭਿਆਚਾਰਕ ਗੀਤ " ਮਾਤ-ਭਾਸ਼ਾ ਦੀ ਹੋਣੀਂ " ਲੋਕ ਅਰਪਣ ਕੀਤਾ ਜਾਵੇਗਾ । ਇਹ ਗੀਤ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਹੈ ਜਿਸ ਵਿੱਚ ਮਾਤ ਭਾਸ਼ਾ ਪੰਜਾਬੀ ਅਤੇ ਗੁਰਮੁਖੀ ਲਿੱਪੀ ਪ੍ਰਤੀ ਪੰਜਾਬੀਆਂ ਦੇ ਹੋ ਰਹੇ ਮੋਹ ਭੰਗ






ਬਾਰੇ ਫਿਕਰਮੰਦੀ ਦੇ ਜ਼ਿਕਰ ਦੇ ਨਾ਼ਲ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਸਾਡੀ ਭਾਸ਼ਾ ਨੂੰ ਰੋਜ਼ਗਾਰ ਦੀ ਭਾਸ਼ਾ ਨਾ ਬਣਾਉਂਣ ਗੱਲ ਕਰਦਿਆਂ ਲੋਕਾਂ ਨੂੰ ਇਕੱਠੇ ਅਤੇ ਸੁਚੇਤ ਕਰਨ ਦਾ ਸੰਕੇਤ ਮਾਤਰ ਜ਼ਿਕਰ ਵੀ ਹੈ ਤਾਂ ਕਿ ਜਨ ਸਮੂਹ ਦੇ ਸਹਿਯੋਗ ਨਾ਼ਲ ਮੌਜੂਦਾ ਸਰਕਾਰਾਂ ਨੂੰ ਸਮੇਂ ਸਮੇਂ 'ਤੇ ਬਣਾਏ ਭਾਸ਼ਾ ਕਾਨੂੰਨਾਂ ਨੂੰ ਅਮਲੀ ਰੂਪ ਦੇਣ ਲਈ ਮਜ਼ਬੂਰ ਕੀਤਾ ਜਾ ਸਕੇ ।

ਇਸ ਤੋਂ ਇਲਾਵਾ ਜਨਵਰੀ ਮਹੀਨੇ ਤੋਂ ਸ਼ੁਰੂ ਕੀਤੇ ਗਏ " ਕਵਿਤਾ ਸਕੂਲ " ਦੇ ਪਿਛਲੇ ਪਾਠ ਦੀ ਦੁਹਰਾਈ ਅਤੇ ਅਗਲਾ ਪਾਠ ਪੜ੍ਹਾ ਕੇ ਨਵਾਂ ਤਰਹ ਮਿਸ਼ਰਾ ਵੀ ਦਿੱਤਾ ਜਾਵੇਗਾ । ਇਸ ਕਾਰਜ ਲਈ ਕਵਿਤਾ ਸਕੂਲ ਦੇ ਅਧਿਆਪਕ , ਛੰਦ ਸ਼ਾਸਤਰ ਵਿਦਵਾਨ ਅਤੇ ਸਿੱਖਿਆ ਸ਼ਾਸਤਰੀ ਸ. ਜੰਗ ਸਿੰਘ ਫ਼ੱਟੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ ।

ਪ੍ਰੈੱਸ ਨਾ਼ਲ ਇਹ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮੀਮਸਾ ਨੇ ਦੱਸਿਆ ਕਿ ਅਖ਼ੀਰ ਵਿੱਚ ਬਸੰਤ ਰੁੱਤ ਅਤੇ ਮਾਂ ਬੋਲੀ ਨੂੰ ਸਮਰਪਿਤ ਕਵੀ ਦਰਬਾਰ ਕਰਨ ਦੇ ਨਾ਼ਲ ਨਾ਼ਲ ਫਰਵਰੀ ਮਹੀਨੇ ਵਿੱਚ ਜਨਮੇਂ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ ।

# 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਦੀ ਪ੍ਰਮੋਸ਼ਨ ਵਿੱਚ ਟੈੱਟ ਦੀ ਸ਼ਰਤ ਲਾਉਣੀ ਬੇਮਾਇਨੇ ਹੈ:- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

## *ਸਾਰੇ ਪਦਉਨਤ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਵਾ ਕੇ ਜੋਇਨ ਕਰਵਾਇਆ ਜਾਵੇ:- ਸੁਖਵਿੰਦਰ ਸਿੰਘ ਚਾਹਲ*

**ਫਿਲੌਰ/ਅੱਪਰਾ, (ਦੀਪਾ)–** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾ ਤੇ ਪ੍ਰੈਸ ਸਕੱਤਰ ਕਰਨੈਲ ਫਿਲੌਰ ਨੇ ਮੰਗ ਕੀਤੀ ਹੈ ਕਿ ਬੀਤੇ ਦਿਨੀਂ ਸਿਖਿਆ ਵਿਭਾਗ ਵਿੱਚ ਮਾਸਟਰ ਕੇਡਰ ਵਿੱਚ ਹੋਈਆਂ ਪ੍ਰਮੋਸ਼ਨਾਂ ਪ੍ਰਾਪਤ ਕਰ ਚੁੱਕੇ ਸਾਰੇ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਵਾ ਕੇ ਜੁਆਇੰਨ ਕਰਵਾਇਆ ਜਾਵੇ। ਓਹਨਾਂ ਕਿਹਾ ਕਿ ਜਿਹੜੇ ਅਧਿਆਪਕ 2011 ਤੋਂ ਪਹਿਲਾਂ ਭਰਤੀ ਹੋਏ ਹਨ, ਓਹਨਾਂ ਤੇ ਟੈੱਟ ਪਾਸ ਕਰਨ ਦੀ ਸ਼ਰਤ ਲਾਗੂ ਕਰਨਾ ਬੇਮਾਇਨੇ ਹੈ, ਜਿਸ ਕਾਰਨ ਬਹੁਤ ਸਾਰੇ ਸੀਨੀਅਰ ਆਧਿਆਪਕ ਤਰੱਕੀ ਤੋਂ ਵਾਂਝੇ ਹੋ ਜਾਣਗੇ, ਓਹਨਾ ਕਿਹਾ ਕਿਉਕਿ ਸਿਖਿਆ ਵਿਭਾਗ ਵਿੱਚ ਟੈੱਟ ਪਾਸ ਕਰਨ ਉਪਰੰਤ ਭਰਤੀਆਂ 2011 ਵਿੱਚ ਹੀ ਸ਼ੁਰੂ ਹੋਈਆਂ ਹਨ ਤੇ ਪਹਿਲੀਆਂ ਭਰਤੀਆਂ ਤੇ ਹੁਣ ਟੈੱਟ ਦੀ ਸ਼ਰਤ ਲਾਗੂ ਨਹੀਂ ਕੀਤੀ ਜਾ ਸਕਦੀ। ਓਹਨਾਂ ਹੋਰ ਕਿਹਾ ਕਿ ਤਰੱਕੀ ਜਾਂ ਪ੍ਰਮੋਸ਼ਨ ਦਾ ਅਰਥ ਤਜ਼ਰਬੇ ਅਤੇ ਲੈਂਥ ਆਫ ਸਰਵਿਸ ਨਾਲ਼ ਹੈ, ।ਸਿਖਿਆ ਵਿਭਾਗ ਪੰਜਾਬ ਮਾਣਯੋਗ ਸੁਪਰੀਮ ਕੋਰਟ ਦੇ ਨਿਯਮਾਂ ਦੀ ਵਿਆਖਿਆ , ਸਿਖਿਆ ਸੁਧਾਰਾਂ ਲਈ ਘੱਟ ਪਰ ਅਧਿਆਪਕਾਂ ਨੂੰ ਤਕਲੀਫ਼ ਦੇਣ ਲਈ ਵੱਧ ਕਰ ਰਿਹਾ ਹੈ, ਜਦਕਿ ਹੋਰ ਬਹੁਤ ਸਾਰੇ ਮਾਨਯੋਗ ਉੱਚ ਅਦਾਲਤਾਂ ਦੇ ਅਧਿਆਪਕ ਪੱਖੀ ਫੈਂਸਲੇ ਲਾਗੂ ਕਰਨ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ। ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਪੁਰੋਵਾਲ, ਗੁਰਪ੍ਰੀਤ ਸਿੰਘ ਅਮੀਵਾਲ, ਮੀਤ ਪ੍ਰਧਾਨ ਰਛਪਾਲ ਸਿੰਘ ਵੜੈਚ,ਗੁਰਦੀਪ ਬਾਜਵਾ , ਫਤਿਹਗੜ੍ਹ ਸਾਹਿਬ ਤੋਂ ਰਾਜੇਸ਼ ਅਮਲੋਹ , ਰੋਪੜ ਤੋਂ ਧਰਮਿੰਦਰ ਸਿੰਘ ਭੰਗੂ, ਹੁਸ਼ਿਆਰਪੁਰ ਤੋਂ ਪ੍ਰਿਤਪਾਲ ਚੋਟਾਲਾ ਜਸਵੀਰ ਤਲਵਾੜਾ, ਜਲੰਧਰ ਤੋਂ ਸੁਖਵਿੰਦਰ ਮੱਕੜ ਮੋਗਾ ਤੋਂ ਜੱਜਪਾਲ ਬਾਜੇ ਕੇ ,ਗੁਰਦਾਸਪੁਰ ਤੋਂ , ਦਿਲਦਾਰ ਭੰਡਾਲ ਮੁਕਤਸਰ ਸਾਹਿਬ ਤੋਂ ਮਨਜੀਤ ਸਿੰਘ ਬਰਾੜ ਅੰਮ੍ਰਿਤਸਰ ਤੋਂ ਸੁੱਚਾ ਸਿੰਘ ਟਰਪਈ, ਹਰਵਿੰਦਰ ਸਿੰਘ ਸੁਲਤਾਨਵਿੰਡ ਸੰਗਰੂਰ ਤੋਂ ਦੇਵੀ ਦਿਆਲ ,ਸਤਵੰਤ ਆਲਮਪੁਰ, ਬਰਨਾਲਾ ਤੋਂ ਤੇਜਿੰਦਰ ਸਿੰਘ ਤੇਜੀ, ਜਲੰਧਰ ਤੋਂ ਸ੍ਰੀ ਗਣੇਸ਼ ਭਗਤ ਫਿਰੋਜਪੁਰ ਤੋਂ ਰਾਜੀਵ ਹਾਂਡਾ,ਬਲਵਿੰਦਰ ਸਿੰਘ ਭੁੱਟੋ ,ਫਾਜਿਲਕਾ ਤੋਂ ਪਰਮਜੀਤ ਸਿੰਘ ਸੇਰੋਵਾਲ, ਨਿਸ਼ਾਂਤ ਅਗਰਵਾਲ ਪਟਿਆਲਾ ਤੋਂ ਜਸਵਿੰਦਰ ਸਿੰਘ ਸਮਾਣਾ,ਪਰਮਜੀਤ ਪਟਿਆਲਾ ਮਲੇਰਕੋਟਲਾ ਤੋਂ ਨੂਰ ਮੁਹੰਮਦ, ਕਮਲ ਜੈਨ ,ਪਠਾਨਕੋਟ ਤੋਂ ਸੁਭਾਸ਼ ਚੰਦਰ, ਅਮ੍ਰਿਤਪਾਲ ਸਿੰਘ ,ਗੁਰਮੇਲ ਸਿੰਘ ਕੁਰੜੀਆਂ ਮਾਨਸਾ ਤੋਂ ਨਰਿੰਦਰ ਸਿੰਘ ਮਾਖਾ, ਗੁਰਦਾਸ ਸਿੰਘ ਸਿੱਧੂ ਮੁਹਾਲੀ ਤੋਂ ਰਵਿੰਦਰ ਸਿੰਘ ਪੱਪੀ, ਮਨਪ੍ਰੀਤ ਸਿੰਘ,ਕਪੂਰਥਲਾ ਤੋਂ ਸੁਖਚੈਨ ਸਿੰਘ ਬੱਧਣ,ਜੀਵਨਜੋਤ ਮੱਲੀ,ਫਰੀਦਕੋਟ ਤੋਂ ਸਰਬਜੀਤ ਸਿੰਘ ਬਰਾੜ, ਨਵਾਂਸ਼ਹਿਰ ਤੋਂ ਬਿਕਰਮਜੀਤ ਸਿੰਘ, ਲੁਧਿਆਣਾ ਤੋਂ ਜਗਜੀਤ ਸਿੰਘ ਮਾਨ, ਪ੍ਰਭਜੀਤ ਰਸੂਲਪੁਰ,ਤਰਨਤਾਰਨ ਤੋਂ ਸਰਬਜੀਤ ਸਿੰਘ ਸੰਧੂ, ਗੁਰਦੀਪ ਸਿੰਘ ,ਬਠਿੰਡਾ ਤੋਂ ਬਲਦੇਵ ਸਿੰਘ ਬਠਿੰਡਾ ਹਾਜ਼ਰ ਸਨ।

# ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਜੀ ਦੇ ਪਿਤਾ ਚੌਧਰੀ ਰਾਮ ਕਿਸ਼ਨ ਜੀ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਸ਼ਖ਼ਸੀਅਤਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ






**ਬੰਗਾ( ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਦੇ ਪਿਤਾ ਚੌਧਰੀ ਰਾਮ ਕਿਸ਼ਨ ਸਾਬਕਾ ਤਹਿਸੀਲਦਾਰ ਜੀ ਦੀ ਅੰਤਿਮ ਅਰਦਾਸ ਕੀਤੀ ਗਈ ਅਤੇ ਰਾਗੀ ਜੱਥੇ ਵੱਲੋਂ ਵਿਰਾਗਮਈ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਮੌਕੇ ਤੇ ਵੱਖ ਵੱਖ ਰਾਜਨੀਤਿਕ , ਸਮਾਜਿਕ,ਧਾਰਮਿਕ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਸ਼ਰਧਾਂਜਲੀਆ ਭੇਂਟ ਕੀਤੀਆਂ ਗਈਆਂ ਉਨ੍ਹਾਂ ਨੇ ਚੌਧਰੀ ਸਾਹਿਬ ਜੀ ਦੀ ਕਠਿਨ ਤਪੱਸਿਆ ਕਰਕੇ ਹੀ ਅੱਜ ਸੁੱਖੀ ਸਾਹਿਬ ਦੋ ਵਾਰ ਐਮ ਐਲ ਏ ਬਣੇ ਹਨ ਅਤੇ ਬਾਕੀ ਪਰਿਵਾਰ ਵੀ ਆਪਣੀ ਜਗ੍ਹਾ ਠੀਕ ਠਾਕ ਹੈ। ਉਨ੍ਹਾਂ ਦਾ ਬਾਬਾ ਸਾਹਿਬ ਡਾ ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਨੂੰ ਪੂਰਾ ਕਰਨ ਵਾਸਤੇ ਆਪਣੇ ਜੀਵਨ ਵਿੱਚ ਜੱਦੋਜਹਿਦ ਕੀਤੀ। ਇਸ ਮੌਕੇ ਤੇ ਚੌਧਰੀ ਰਾਮ ਕਿਸਨ ਜੀ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ, ਸੁਖਦੀਪ ਸਿੰਘ ਸੁਕਾਰ ਜਿਨ੍ਹਾਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੁਭਾਸ਼ ਸ਼ਰਮਾ ਭਾਜਪਾ ਆਗੂ,ਸੋਮ ਪ੍ਰਕਾਸ਼ ਸਾਬਕਾ ਕੇਂਦਰੀ ਮੰਤਰੀ,ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ,ਅਮਨ ਅਰੌੜਾ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਜਸਵੀਰ ਸਿੰਘ ਗੜ੍ਹੀ ਚੇਅਰਮੈਨ ਐਸ ਸੀ ਕਮਿਸਨ ਵੱਲੋਂ ਭੇਟ ਕੀਤੀਆਂ ਗਈਆਂ ਵੱਖ ਵੱਖ ਬੁਲਾਰਿਆਂ ਨੇ ਚੌਧਰੀ ਰਾਮ ਕਿਸ਼ਨ ਸਾਬਕਾ ਤਹਿਸੀਲਦਾਰ ਜੀ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਵੱਲੋਂ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ।ਵੱਖ ਵੱਖ ਸੰਸਥਾਵਾਂ ਅਤੇ ਜਥੇਬੰਦੀਆਂ ਵੱਲੋਂ ਸ਼ੋਕ ਸੁੰਦੇਸ਼ ਭੇਜੇ ਗਏ । ਇਸ ਮੌਕੇ ਤੇ ਹਰਜੋਤ ਲੋਹਟੀਆ, ਪ੍ਰੇਮ ਸਿੰਘ ਚੰਦੂਮਾਜਰਾ, ਵਿਧਾਇਕ ਮਨਜੀਤ ਸਿੰਘ ਬ੍ਰਹਮਪੁਰਾ, ਵਿਧਾਇਕ ਕਟਾਰੀਆ, ਨਿਸ਼ਾਂਤ ਕੁਮਾਰ ਵਿਧਾਇਕ ਚੱਬੇਵਾਲ, ਨਿਹਾਲ ਸਿੰਘ ਵਾਲਾ,ਡਾ ਸ਼ਾਮ ਲਾਲ,ਐਸ ਡੀ ਐਮ ਵਿਪਨ ਭੰਡਾਰੀ,ਸੋਹਣ ਲਾਲ ਢੰਡਾ, ਕੁਲਜੀਤ ਸਿੰਘ ਸਰਹਾਲ, ਬਲਵੀਰ ਕਰਨਾਣਾ, ਸ਼ਮਿੰਦਰ ਸਿੰਘ ਗਰਚਾ, ਦਿਲਬਾਗ ਸਿੰਘ ਬਾਗੀ,ਜੀਤ ਸਿੰਘ ਭਾਟੀਆ, ਜਸਵਿੰਦਰ ਸਿੰਘ ਮਾਨ ਨੰਬਰਦਾਰ, ਮਨਜੀਤ ਬੱਬਲ, ਮਨੋਹਰ ਕਮਾਮ,ਜੈ ਪਾਲ ਸੁੰਡਾਂ, ਪਰਮਜੀਤ ਦੁਸਾਂਝ, ਗਾਇਕ ਰਾਜ ਦਦਰਾਲ, ਗਾਇਕ ਕ੍ਰਿਸ਼ਨ ਹੀਓ ,ਪੰਚ, ਸਰਪੰਚ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਸਾਕ ਸਬੰਧੀ ਹਾਜ਼ਰ ਹੋਏ।





# ਦਖ਼ਲ ਅੰਦਾਜ਼ੀ




ਯੂਨੀਵਰਸਿਟੀ ਵਿੱਚ ਪੜ੍ਹਦਿਆਂ ਸਿਮਰ ਨੂੰ ਰਾਹੁਲ ਨਾਲ ਪਿਆਰ ਹੋ ਗਿਆ ਸੀ। ਪਹਿਲਾਂ ਪਹਿਲ ਦੋਹਾਂ ਦੀ ਗੱਲ ਬਾਤ ਕੰਟੀਨ ਵਿੱਚ ਇੱਕਠੇ ਚਾਹ ਪੀਣ ਤੱਕ ਸੀਮਤ ਸੀ। ਫਿਰ ਹੌਲੀ ਹੌਲੀ ਉਹਨਾਂ ਨੇ ਵਿਆਹ ਦੇ ਬੰਧਨ ਵਿੱਚ ਬੱਝਣ ਦਾ ਫ਼ੈਸਲਾ ਲੈ ਲਿਆ। ਦੋਵਾਂ ਨੇ ਆਪਣੇ ਆਪਣੇ ਘਰ ਗੱਲ ਕੀਤੀ । ਸਿਮਰ ਦੇ ਮਾਪੇ ਇਸ ਵਿਆਹ ਲਈ ਰਾਜ਼ੀ ਨਹੀਂ ਸਨ। ਕਈ ਵਾਰ ਤਾਂ ਇਸ ਪਿੱਛੇ ਉਸ ਦੇ ਮਾਪੇ ਉਸ ਤੋਂ ਫ਼ੋਨ ਖੋਹ ਲੈਂਦੇ ਸਨ।ਪਰ ਕਿਵੇਂ ਨਾ ਕਿਵੇਂ ਉਹ ਰਾਹੁਲ ਨੂੰ ਆਪਣਾ ਸੁੱਖ ਸੁਨੇਹਾ ਦੇ ਦਿੰਦੀ ਸੀ। ਘਰ ਵਿੱਚ ਹਰ ਵੇਲੇ ਤਣਾਅ ਦਾ ਮਾਹੌਲ ਬਣਿਆ ਰਹਿੰਦਾ। ਦੂਜੇ ਪਾਸੇ ਰਾਹੁਲ ਮਾਪਿਆਂ ਦਾ ਇਕਲੌਤਾ ਪੁੱਤਰ ਹੋਣ ਕਰਕੇ ਉਸ ਦੇ ਮਾਪੇ ਰਾਜ਼ੀ ਹੋ ਗਏ ਸਨ। ਇੱਕ ਦਿਨ ਸਿਮਰ ਨੇ ਘਰੋਂ ਭੱਜ ਕੇ ਰਾਹੁਲ ਨਾਲ ਚੋਰੀ ਚੋਰੀ ਵਿਆਹ ਕਰਵਾ ਲਿਆ।

ਰਾਹੁਲ ਦੇ ਘਰ ਵਿੱਚ ਉਨ੍ਹਾਂ ਦੋਨਾਂ ਤੋਂ ਇਲਾਵਾ ਉਸ ਦੇ ਮਾਂ ਬਾਪ ਹੀ ਰਹਿੰਦੇ ਸਨ।ਸਿਮਰ ਨੂੰ ਵੀ ਸਹੁਰੇ ਘਰ ਵਿੱਚ ਸਾਰਿਆਂ ਤੋਂ ਬਹੁਤ ਪਿਆਰ ਮਿਲਦਾ ਸੀ।ਉਹ ਵੀ ਆਪਣੇ ਮਾਂ ਬਾਪ ਨੂੰ ਵਸ ਕੇ ਦਿਖਾਉਣਾ ਚਾਹੁੰਦੀ ਸੀ। ਰਾਹੁਲ ਦੇ ਮਾਤਾ-ਪਿਤਾ ਵੀ ਦੋਵੇਂ ਪੜ੍ਹੇ-ਲਿਖੇ ਸਨ। ਉਹ ਉਸ ਦੀ ਹਰ ਰੀਝ ਪੂਰੀ ਕਰਦੇ ਸਨ। ਵੈਸੇ ਸਿਮਰ ਦਾ ਸੁਭਾਅ ਤਾਂ ਪੇਕੇ ਘਰ ਤੋਂ ਹੀ ਬਹੁਤ ਵਧੀਆ ਨਹੀਂ ਸੀ। ਉਹ ਬਹੁਤ ਘੁੰਮਡੀ ਕੁੜੀ ਸੀ। ਵਿਆਹ ਨੂੰ ਛੇ ਮਹੀਨੇ ਲੰਘੇ ਸਨ ਕਿ ਉਹ ਆਪਣੇ ਗੁਸੈਲੇ ਅਤੇ ਘੁਮੰਡੀ ਸੁਭਾਅ ਦਾ ਰੰਗ ਦਿਖਾਉਣ ਲੱਗੀ। ਅਕਸਰ ਉਹ ਰਾਹੁਲ ਨਾਲ ਝਗੜਾ ਕਰਨ ਲੱਗੀ। ਰਾਹੁਲ ਦੀ ਮਾਂ ਤਾਂ ਸਿਮਰ ਨੂੰ ਬਿਲਕੁਲ ਚੰਗੀ ਨਹੀਂ ਲੱਗਦੀ ਸੀ, ਉਸ ਨੂੰ ਕਦੇ ਵੀ ਉਟ-ਪਟਾਂਗ ਬੋਲ ਦਿੰਦੀ ਤਾਂ ਮਾਂ ਸਹਿਜੇ ਹੀ ਕਹਿ ਦਿੰਦੀ ,"ਚੱਲ ਕੋਈ ਨਾ.... ਨਿਆਣੀ ਆ.....ਜੇ ਮੇਰੀ ਢਿੱਡੋਂ ਜੰਮੀ ਧੀ ਹੁੰਦੀ ਤਾਂ ......ਭਲਾ ਉਹਦਾ ਕਿਹੜਾ ਮੈਂ ਗੁੱਸਾ ਕਰਨਾ ਸੀ।"ਪਰ ਉਹ ਡਰਦੀ ਉਸ ਨੂੰ ਇੱਕ ਲਫ਼ਜ਼ ਨਾ ਬੋਲਦੀ ਕਿਉਂ ਕਿ ਉਹ ਡਰਦੀ ਸੀ ਕਿ ਪਤਾ ਨਹੀਂ ਕਿਹੜੇ ਵੇਲੇ ਉਸ ਨੇ ਬਾਤ ਦਾ ਬਤੰਗੜ ਬਣਾ ਦੇਣਾ ਹੁੰਦਾ ਸੀ।

ਵਿਆਹ ਤੋਂ ਡੇਢ ਕੁ ਸਾਲ ਬਾਅਦ ਉਹਨਾਂ ਦੇ ਘਰ ਪੁੱਤਰ ਨੇ ਜਨਮ ਲਿਆ। ਸਾਰੇ ਪਰਿਵਾਰ ਵਿੱਚ ਬਹੁਤ ਖੁਸ਼ੀ ਦਾ ਮਾਹੌਲ ਸੀ।ਮੁੰਡਾ ਸੱਤ ਮਹੀਨੇ ਦਾ ਹੋ ਗਿਆ ਸੀ ਤੇ ਲੋਹੜੀ ਵੀ ਆ ਗਈ ਸੀ।ਸਾਰੇ ਬਹੁਤ ਖੁਸ਼ ਸਨ। ਆਪਣੇ ਘਰ ਦੇ ਚਿਰਾਗ ਦੀ ਪਹਿਲੀ ਲੋਹੜੀ ਨੂੰ ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ।ਸਿਮਰ ਦੇ ਪੇਕਿਆਂ ਨਾਲ ਮਿਲਵਰਤਣ ਸ਼ੁਰੂ ਕਰਨ ਦੇ ਬਹਾਨੇ ਉਹਨਾਂ ਨੂੰ ਵੀ ਸੱਦਾ ਭੇਜਿਆ ਗਿਆ। ਸਿਮਰ ਦੇ ਪੇਕਿਆਂ ਨੂੰ ਵੀ ਲੱਗਿਆ ਕਿ ਹੁਣ ਉਹਨਾਂ ਦੀ ਧੀ ਵਸ ਗਈ ਹੈ ਇਸ ਲਈ ਉਹਨਾਂ ਨੇ ਜੋ ਖਰਚਾ ਵਿਆਹ ਤੇ ਕਰਨਾ ਸੀ ,ਸਾਰਾ ਦਾਜ-ਦਹੇਜ ਲਈ ਫਰਨੀਚਰ ਅਤੇ ਕਾਰ ਇਸ ਲੋਹੜੀ ਦੇ ਸਮਾਗਮ ਸਮੇਂ ਦੇ ਕੇ ਗਏ। ਜਦ ਕਿ ਰਾਹੁਲ ਦੇ ਮਾਤਾ-ਪਿਤਾ ਇਸ ਪੱਖ ਵਿੱਚ ਬਿਲਕੁਲ ਨਹੀਂ ਸਨ।ਸਭ ਕੁਝ ਖੁਸ਼ੀ-ਖੁਸ਼ੀ ਨਿਪਟ ਗਿਆ ਪਰ ਸਿਮਰ ਦੇ ਮਾਪਿਆਂ ਦੇ ਮਨ ਦੀ ਕੜਵਾਹਟ ਦੂਰ ਨਾ ਹੋਈ।

ਹੁਣ ਸਿਮਰ ਨੂੰ ਆਪਣੇ ਮਾਂ ਬਾਪ ਦਾ ਵੱਡੇ ਹੋਣ ਦਾ ਫਤੂਰ ਸਿਰ ਨੂੰ ਚੜ੍ਹਨ ਲੱਗ ਪਿਆ ਸੀ। ਉਹ ਅਕਸਰ ਆਪਣੀ ਮਾਂ ਨਾਲ ਫੋਨ ਤੇ ਗੱਲਬਾਤ ਕਰਦੀ ਰਹਿੰਦੀ।ਉਸ ਦੀ ਮਾਂ ਇੱਕ ਅਨਪੜ੍ਹ ਔਰਤ ਸੀ। ਪਰ ਉਹ ਆਪਣੇ ਆਪ ਨੂੰ ਬਹੁਤ ਹੁਸ਼ਿਆਰ ਸਮਝਦੀ ਸੀ।ਉਸ ਨੇ ਸਿਮਰ ਨੂੰ ਕਿਹਾ,"ਤੂੰ ਐਨੀ ਪੜ੍ਹੀ ਹੋਈ ਹੈਂ.....ਤੂੰ ਘਰ ਰਹਿ ਕੇ ਰੋਟੀਆਂ ਸੇਕਣ ਜੋਗੀ ਈ ਰਹਿਣਾ? ਜਵਾਕ ਆਪੇ ਤੇਰੀ ਸੱਸ ਸੰਭਾਲੂ...ਤੂੰ ਕੋਈ ਨੌਕਰੀ ਲੱਭ.... ਨਾਲ਼ੇ ਆਪਣੇ ਚਾਰ ਪੈਸੇ ਜੋੜ..... ਤੂੰ ਆਪਣੀ ਗੱਡੀ ਤੇ ਟੌਹਰ ਨਾਲ ਡਿਊਟੀ ਤੇ ਜਾਈਂ....ਐਥੇ ਖੜ੍ਹੀ ਇਹਨਾਂ ਲੋਕਾਂ ਨੇ ਇਸ ਭੰਨਣੀ ਆ....।" ਰਾਹੁਲ ਦੇ ਨਾ ਚਾਹੁੰਦੇ ਹੋਏ ਵੀ ਉਸ ਨੇ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਰਾਹੁਲ ਦੀ ਮਾਂ ਉਸ ਦੇ ਨੌਕਰੀ ਕਰਦੀ ਕਰਕੇ ਹੁਣ ਉਸ ਤੋਂ ਕੋਈ ਕੰਮ ਨਾ ਕਰਵਾਉਂਦੀ ਸਗੋਂ ਉਸ ਨੂੰ ਤਾਜ਼ਾ ਖਾਣਾ ਬਣਾ ਕੇ ਉਸ ਨੂੰ ਟਿਫ਼ਨ ਖ਼ੁਦ ਬਣਾ ਕੇ ਦਿੰਦੀ। ਘਰ ਵਿੱਚ ਉਸ ਦੇ ਅਰਾਮ ਦਾ ਪੂਰਾ ਖਿਆਲ ਰੱਖਿਆ ਜਾਂਦਾ। ਫਿਰ ਵੀ ਉਹ ਕਿਸੇ ਨੂੰ ਸਿੱਧੇ ਮੂੰਹ ਨਾ ਬੁਲਾਉਂਦੀ। ਕਮਰੇ ਵਿੱਚ ਬੰਦ ਸਾਰਾ ਦਿਨ ਫੋਨ ਤੇ ਲੱਗੀ ਰਹਿੰਦੀ। ਰਾਹੁਲ ਨੂੰ ਵੀ ਆਪਣੀ ਨੌਕਰੀ ਦਾ ਰੋਹਬ ਦੇਣ ਲੱਗੀ। ਜੇ ਕਿਤੇ ਰਾਹੁਲ ਦੀ ਮਾਂ ਕੋਲ ਗੋਦੀ ਚੁੱਕਿਆਂ ਉਸ ਦੇ ਮੁੰਡੇ ਨੇ ਰੋ ਪੈਣਾ ਤਾਂ ਉਸ ਨੇ ਕਈ ਗੱਲਾਂ ਸੱਸ ਨੂੰ ਸੁਣਾ ਦੇਣੀਆਂ। ਸਹੁਰੇ ਨੇ ਘਰ ਦਾ ਮਾਹੌਲ ਠੀਕ ਰੱਖਣ ਲਈ ਆਪਣੀ ਪਤਨੀ ਨੂੰ ਹੀ ਡਾਂਟ ਦੇਣਾ ਤਾਂ ਜੋ ਸਿਮਰ ਸ਼ਾਂਤ ਤੇ ਖੁਸ਼ ਰਹੇ। ਸਿਮਰ ਆਪਣੀ ਪੇਕਿਆਂ ਦੀ ਦਿੱਤੀ ਕਾਰ ਵਿੱਚ ਡਿਊਟੀ ਕਰਨ ਜਾਂਦੀ ਜਦ ਕਿ ਰਾਹੁਲ ਆਪਣੀ ਕਾਰ ਵਿੱਚ ਜਾਣ ਦੀ ਬਜਾਏ ਮੋਟਰਸਾਈਕਲ ਤੇ ਹੀ ਨੌਕਰੀ ਤੇ ਜਾਂਦਾ। ਹੁਣ ਮਾਂ ਦਾ ਫ਼ੋਨ ਸਵੇਰ ਦੇ ਉੱਠਣ ਤੋਂ ਰਾਤ ਦੇ ਸੌਣ ਵੇਲੇ ਤੱਕ ਪਤਾ ਨਹੀਂ ਕਿੰਨੀ ਕੁ ਵਾਰ ਆਉਂਦਾ। ਘਰ ਦੀ ਇੱਕ ਇੱਕ ਗੱਲ ਉਹ ਆਪਣੀ ਮਾਂ ਨਾਲ ਕਰਦੀ।ਉਸ ਦੀ ਮਾਂ ਉਸ ਨੂੰ ਕਹਿੰਦੀ," ਧੀਏ ... ! ਦਬ ਕੇ ਨੀਂ ਰਹੀਦਾ ਹੁੰਦਾ......ਜੇ ਤੂੰ ਇੱਕ ਵਾਰੀ ਦਬ ਗਈ ........ਤਾਂ ਸਾਰੇ ਟੱਬਰ ਨੇ .....ਤੇਰੇ ਤੇ ਛਾਪਾ ਪਾ ਲੈਣਾ......ਕੈੜੀ ਹੋ ਕੇ ਰਿਹਾ ਕਰ......ਨਾਲ਼ੇ ਅਸੀਂ ਕਿਹੜਾ ਕੋਈ ਕਮੀ ਰੱਖੀ ਆ........ ਅਗਲਿਆਂ ਦਾ ਘਰ ਭਰ ਦਿੱਤਾ....।"ਮਾਂ ਦੀ ਸ਼ਹਿ ਕਰਕੇ ਘਰ ਵਿੱਚ ਸਿਮਰ ਦਾ ਵਰਤਾਰਾ ਸਾਰਿਆਂ ਨਾਲ਼ ਬਦ ਤੋਂ ਬਦਤਰ ਹੁੰਦਾ ਗਿਆ। ਰਾਹੁਲ ਨੇ ਡਰਦੇ ਡਰਦੇ ਕਈ ਵਾਰੀ ਸਮਝਾਉਣ ਲੱਗਣਾ ਤਾਂ ਉਲਟਾ ਕਲੇਸ਼ ਕਰ ਦੇਣਾ ਤੇ ਕਹਿਣਾ,"ਤੇਰੀ ਮਾਂ ਨੇ ਤੈਨੂੰ ਚੱਕ ਦਿੱਤਾ ਹੈ.......ਇਹ ਭੋਲੀ ਬਣ ਕੇ .....ਪਖੰਡ ਕਰਦੀ ਆ......ਇਹ ਹੈ ਬੜੀ ਚੰਟ-ਚਲਾਕ ਜ਼ਨਾਨੀ......।"ਹੁਣ ਉਹ ਬਹੁਤ ਮਜ਼ਬੂਰ ਹੋ ਗਿਆ ਸੀ।ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰੇ। ਉਹ ਸੋਚਦਾ ਸਾਡੇ ਦੇਸ਼ ਦਾ ਕਾਨੂੰਨ ਵੀ ਤਾਂ ਲੜਕੀਆਂ ਦੇ ਪੱਖ ਦੀ ਹੀ ਗੱਲ ਕਰਦਾ ਹੈ।ਉਸ ਨੂੰ ਲੱਗਦਾ ਜਿਵੇਂ ਉਸ ਲਈ ਸਾਰੇ ਰਸਤੇ ਬੰਦ ਹੋ ਗਏ ਹੋਣ। ਕਈ ਵਾਰ ਤਾਂ ਉਹ ਆਤਮਹੱਤਿਆ ਕਰਨ ਬਾਰੇ ਵੀ ਸੋਚਦਾ ਪਰ ਆਪਣੇ ਮਾਂ ਬਾਪ ਅਤੇ ਛੋਟੇ ਜਿਹੇ ਬੇਸਮਝ ਪੁੱਤਰ ਵੱਲ ਵੇਖ ਕੇ ਆਪਣੇ ਆਪ ਨੂੰ ਸਮਝਾਉਂਦਾ ਤੇ ਕੰਮ ਵਿੱਚ ਧਿਆਨ ਲਾਉਣ ਤੇ ਜ਼ੋਰ ਦਿੰਦਾ। ਰਾਹੁਲ ਬਹੁਤ ਬੁਝਿਆ ਬੁਝਿਆ ਰਹਿਣ ਲੱਗ ਪਿਆ ਸੀ। ਹੁਣ ਉਹ ਆਪਣੇ ਘਰ ਨਾਲੋਂ ਜ਼ਿਆਦਾ ਨੌਕਰੀ ਨੂੰ ਤਰਜੀਹ ਦੇਣ ਲੱਗਾ ਕਿਉਂਕਿ ਸਿਮਰ ਨੂੰ ਉਸ ਵਿੱਚ ਕੋਈ ਦਿਲਚਸਪੀ ਨਹੀਂ ਸੀ। ਸਿਮਰ ਦੀ ਦੁਨੀਆ ਤਾਂ ਸਿਰਫ਼ ਉਸ ਦੀ ਮਾਂ ਦੇ ਫ਼ੋਨਾਂ ਤੱਕ ਹੀ ਸੀਮਤ ਰਹਿ ਗਈ ਸੀ। ਦੋਹਾਂ ਵਿਚਲਾ ਵਿਆਹ ਤੋਂ ਪਹਿਲਾਂ ਵਾਲ਼ਾ ਪਿਆਰ ਤਾਂ ਖੰਭ ਲਾਕੇ ਉਡ ਹੀ ਗਿਆ ਸੀ ਪਰ ਸਿਮਰ ਦੁਆਰਾ ਰਾਹੁਲ ਦੀ ਮਾਂ ਪ੍ਰਤੀ ਨਫ਼ਰਤ ਉਸ ਦਾ ਕਲੇਜਾ ਕੱਢ ਲੈਂਦੀ। ਕਈ ਵਾਰ ਉਹ ਇਕੱਲਾ ਬਹਿ ਕੇ ਰੋ ਲੈਂਦਾ। ਉਹ ਮਨ ਹੀ ਮਨ ਵਿੱਚ ਮਾਂ ਤੋਂ ਮਾਫ਼ੀ ਮੰਗਦਾ। ਉਹ ਸ਼ਿਕਾਇਤ ਵੀ ਕਿਸ ਕੋਲ ਕਰਦਾ? ਵਿਆਹ ਵੀ ਤਾਂ ਉਸ ਨੇ ਆਪਣੀ ਪਸੰਦ ਦੀ ਕੁੜੀ ਨਾਲ ਕਰਵਾਇਆ ਸੀ। ਸਿਮਰ ਨਾ ਆਪਣੇ ਬੱਚੇ ਨੂੰ ਪਿਆਰ ਕਰਦੀ ਨਾ ਪਤੀ ਨੂੰ ਸਗੋਂ ਹਰ ਵੇਲੇ ਨਿੱਕੀ ਨਿੱਕੀ ਗੱਲ ਤੇ ਕਲੇਸ਼ ਕਰਕੇ ਘਰ ਨੂੰ ਨਰਕ ਬਣਾ ਦਿੱਤਾ ਸੀ।

ਰਾਹੁਲ ਨੂੰ ਕਿਸੇ ਵਿਦੇਸ਼ੀ ਕੰਪਨੀ ਵਿੱਚ ਪੱਕੀ ਨੌਕਰੀ ਮਿਲ ਗਈ ਸੀ,ਉਸ ਨੇ ਦੋ ਤਿੰਨ ਵਾਰ ਸਿਮਰ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਪਰ ਉਹ ਕਦੇ ਆਪਣੇ ਦਫ਼ਤਰ ਦੇ ਸਾਥੀਆਂ ਨਾਲ ਤੇ ਕਦੇ ਮਾਂ ਨਾਲ ਫ਼ੋਨ ਤੇ ਗੱਲ ਕਰਨ ਵਿੱਚ ਰੁੱਝੀ ਰਹਿੰਦੀ ਤੇ ਉਸ ਨੂੰ ਰਾਹੁਲ ਦੀ ਕਿਸੇ ਗੱਲ ਨੂੰ ਸੁਣਨ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਆਪਣੀ ਕੰਪਨੀ ਵੱਲੋਂ ਜਾ ਰਹੇ ਪੰਦਰਾਂ ਦਿਨ ਦੇ ਟੂਰ ਨਾਲ ਜਾਣ ਦੀਆਂ ਤਿਆਰੀਆਂ ਵਿੱਚ ਲੱਗੀ ਹੋਈ ਸੀ। ਉਸ ਨੇ ਤਾਂ ਕਿਸੇ ਤੋਂ ਇਜਾਜ਼ਤ ਲੈਣੀ ਵੀ ਜ਼ਰੂਰੀ ਨਹੀਂ ਸਮਝੀ ਸੀ। ਇਸੇ ਸਮੇਂ ਦੌਰਾਨ ਰਾਹੁਲ ਨੇ ਵਿਦੇਸ਼ ਜਾ ਕੇ ਆਪਣੀ ਨੌਕਰੀ ਸ਼ੁਰੂ ਕਰਨੀ ਸੀ। ਉਸ ਦਾ ਨਫ਼ਰਤ ਭਰਿਆ ਵਰਤਾਉ ਵੇਖ ਕੇ ਰਾਹੁਲ ਨੇ ਚੁੱਪ ਚੁਪੀਤੇ ਆਪਣੇ ਮਾਂ ਬਾਪ ਅਤੇ ਬੇਟੇ ਦੇ ਕਾਗਜ਼ ਤਿਆਰ ਕਰਵਾਏ। ਆਪਣਾ ਘਰ ਉਸ ਨੇ ਪਹਿਲਾਂ ਹੀ ਵੇਚਣਾ ਲਾਇਆ ਹੋਇਆ ਸੀ ਤਾਂ ਕਿਉਂ ਕਿ ਸਿਮਰ ਦੀ ਜ਼ਿੱਦ ਸੀ ਕਿ ਹੋਰ ਵੱਡਾ ਘਰ ਬਣਾਇਆ ਜਾਵੇ। ਉਹਨਾਂ ਦਾ ਘਰ ਵਿਕ ਗਿਆ ਸੀ। ਹੁਣ ਉਸ ਨੇ ਸਿਮਰ ਨੂੰ ਜ਼ਰਾ ਜਿੰਨੀ ਵੀ ਸੂਹ ਨਹੀਂ ਸੀ ਲੱਗਣ ਦਿੱਤੀ। ਸਿਮਰ ਘਰ ਵਿੱਚ ਬਗੈਰ ਕਿਸੇ ਤੋਂ ਆਗਿਆ ਲਏ ਆਪਣੇ ਦਫ਼ਤਰ ਦੇ ਸਟਾਫ਼ ਨਾਲ ਪੰਦਰਾਂ ਦਿਨਾਂ ਦੇ ਟੂਰ ਤੇ ਘੁੰਮਣ ਚਲੀ ਗਈ ਸੀ। ਜਾਂਦੇ ਜਾਂਦੇ ਆਪਣੇ ਸਹੁਰੇ ਨੂੰ ਆਪਣੇ ਪੁੱਤਰ ਦਾ ਧਿਆਨ ਰੱਖਣ ਲਈ ਕਹਿ ਗਈ ਸੀ। ਵੈਸੇ ਵੀ ਤਾਂ ਉਹੀ ਉਸ ਨੂੰ ਪਾਲ਼ ਰਹੇ ਸਨ। ਮਗਰੋਂ ਰਾਹੁਲ ਆਪਣੇ ਮਾਤਾ-ਪਿਤਾ ਅਤੇ ਪੁੱਤਰ ਨਾਲ ਵਿਦੇਸ਼ ਚਲਾ ਗਿਆ।ਜਦ ਸਿਮਰ ਟੂਰ ਤੋਂ ਵਾਪਸ ਆਈ ਤਾਂ ਘਰ ਨੂੰ ਤਾਲਾ ਲੱਗਿਆ ਹੋਇਆ ਸੀ।ਰਾਹੁਲ ਵੱਲੋਂ ਸਿਮਰ ਦੇ ਨਾਂ ਇੱਕ ਚਿੱਠੀ ਲਿਖੀ ਹੋਈ ਸੀ ਜੋ ਉਹ ਜਾਂਦਾ ਹੋਇਆ ਗੁਆਂਢੀਆਂ ਦੇ ਘਰ ਦੇ ਗਿਆ ਸੀ। ਉਸ ਵਿੱਚ ਉਸਨੇ ਇਹੀ ਲਿਖਿਆ ਸੀ , "ਸਿਮਰ..... ਮੈਂ ਤੈਨੂੰ ਇਸ ਘਰ ਵਿੱਚ..... ਬਹੁਤ ਰੀਝਾਂ ਨਾਲ ਲੈ ਕੇ ਆਇਆ ਸੀ......ਮੈਂ ਅਤੇ ਮੇਰੇ ਪਰਿਵਾਰ ਨੇ ਤੈਨੂੰ ਖੁਸ਼ ਰੱਖਣ ਦੀ .......ਤੇ .....ਆਪਣਾ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ...... ਪਰ ਤੂੰ ਪੰਜ ਸਾਲ ਇਸ ਘਰ ਵਿੱਚ.... ਬਿਗਾਨਿਆਂ ਵਾਂਗ ਹੀ ਰਹੀ..... ਹੁਣ ਅਸੀਂ ਤੇਰੀ ਪਹੁੰਚ ਤੋਂ ਬਹੁਤ ਦੂਰ ਜਾ ਰਹੇ ਹਾਂ......ਹੁਣ ਆਪਾਂ ਕਦੇ ਨਹੀਂ ਮਿਲਾਂਗੇ.... ਤੂੰ ਆਪਣੀ ਮੰਮੀ ਦੀ ਸਿੱਖਿਆ ਅਨੁਸਾਰ ਅਜ਼ਾਦ ਜ਼ਿੰਦਗੀ ਬਿਤਾ ਸਕਦੀ ਹੈਂ.... ਸਦਾ ਖੁਸ਼ ਰਹਿ।" ਸਿਮਰ ਦੀਆਂ ਅੱਖਾਂ ਅੱਗੇ ਧੁੰਦ ਦਾ ਪਰਦਾ ਜਿਹਾ ਆ ਗਿਆ। ਰਾਹੁਲ ਨਾਲ ਪਿਆਰ ਤੋਂ ਲੈਕੇ ਹੁਣ ਤੱਕ ਦੀ ਜ਼ਿੰਦਗੀ ਦਾ ਇੱਕ ਇੱਕ ਪਲ ਫ਼ਿਲਮ ਦੀ ਰੀਲ ਵਾਂਗ ਘੁੰਮ ਰਿਹਾ ਸੀ।ਉਸ ਨੂੰ ਸਾਰਿਆਂ ਦੀ ਨਿਮਰਤਾ ਅਤੇ ਪਿਆਰ ਯਾਦ ਆ ਰਿਹਾ ਸੀ।ਉਸ ਨੇ ਕੰਬਦੇ ਹੱਥਾਂ ਨਾਲ ਫੋਨ ਕੱਢਿਆ ਰਾਹੁਲ ਅਤੇ ਪਰਿਵਾਰ ਤੋਂ ਮਾਫ਼ੀ ਮੰਗਣ ਲਈ ਫੋਨ ਲਾਇਆ ਪਰ ਬਹੁਤ ਦੇਰ ਹੋ ਚੁੱਕੀ ਸੀ, ਸਾਰਿਆਂ ਦੇ ਫ਼ੋਨ ਨੰਬਰ ਬਦਲ ਜਾਣ ਕਾਰਨ ਇੱਥੋਂ ਦੇ ਫ਼ੋਨ ਨੰਬਰ ਬੰਦ ਆ ਰਹੇ ਸਨ। ਉਹਨਾਂ ਨੂੰ ਆਪਣਾ ਦੇਸ਼ ਛੱਡ ਕੇ ਗਿਆਂ ਨੂੰ ਹਫ਼ਤਾ ਹੋ ਗਿਆ ਸੀ। ਆਪਣੀ ਮਾਂ ਨੂੰ ਫ਼ੋਨ ਲਾਉਣ ਦੀ ਉਸ ਦੀ ਹਿੰਮਤ ਨਹੀਂ ਹੋ ਰਹੀ ਸੀ। ਉਹ ਬਿਨਾਂ ਮੰਜ਼ਿਲ ਵੱਲ ਪੈਰ ਵਧਾਏ ਇਹ ਸੋਚਦੀ ਤੁਰੀ ਜਾ ਰਹੀ ਸੀ ਕਿ ਜੇਕਰ ਉਸ ਦੀ ਮਾਂ ਦੀ ਦਖ਼ਲਅੰਦਾਜ਼ੀ ਨਾ ਹੁੰਦੀ ਤਾਂ ਅੱਜ ਉਸ ਦਾ ਸਵਰਗ ਵਰਗਾ ਘਰ ਨਾ ਟੁੱਟਦਾ।



ਬਰਜਿੰਦਰ ਕੌਰ ਬਿਸਰਾਓ...
9988901324

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**